## ਅਧਿਆਇ ਸੱਤਵਾਂ

# ਸਮਕਾਲੀ ਪੰਜਾਬੀ ਕਹਾਣੀ ਵਿਚ ਕਿਸਾਨੀ ਜੀਵਨ : ਸਮਾਜ-ਸਭਿਆਚਾਰਕ ਅਧਿਐਨ

ਸਮਕਾਲ ਦੀ ਨਿਸ਼ਾਨਦੇਹੀ ਕਰਨ ਲਈ ਇਸ ਨੂੰ ਲਗਭਗ ਦੋ ਦਹਾਕਿਆਂ ਉੱਤੇ ਫੈਲੀਆਂ ਘਟਨਾਵਾਂ ਅਤੇ ਉਨ੍ਹਾਂ ਵਿਚ ਪੈਦਾ ਹੋਈਆਂ ਸਥਿਤੀਆਂ ਦੀ ਨਿਰਖ-ਪਰਖ ਉੱਤੇ ਕੇਂਦ੍ਰਿਤ ਕੀਤਾ ਜਾ ਸਕਦਾ ਹੈ। ਇਨ੍ਹਾਂ ਸਥਿਤੀਆਂ ਵਿਚੋਂ ਕਿਸਾਨੀ ਸਮਾਜ ਆਪਣੇ ਵਿਕਾਸ ਦੀਆਂ ਆਂਤਰਿਕ ਵਿਰੋਧਤਾਈਆਂ ਕਾਰਣ ਵਿਲੱਖਣਤਾ ਦਾ ਧਾਰਨੀ ਹੈ। ਇਹ ਦੌਰ ਮੰਡੀ ਆਰਥਿਕਤਾ ਦੇ ਵਧਣ-ਫੁੱਲਣ ਦਾ ਹੈ। ਆਰਥਕ ਵਿਕਾਸ ਦੀ ਇਸ ਦਸ਼ਾ ਨੇ ਸਮੁੱਚੇ ਪੰਜਾਬੀ ਸਮਾਜ ਅਤੇ ਵਿਹਾਰ ਨੂੰ ਪ੍ਰਭਾਵਿਤ ਕੀਤਾ ਹੈ ਤੇ ਕਿਸਾਨੀ ਸਮਾਜ ਲਈ ਸੰਕਟ ਦੇ ਰੂਪ ਵਿਚ ਸਾਹਮਣੇ ਆਇਆ ਹੈ। ਇਸ ਸੰਕਟ ਦੀਆਂ ਜੜ੍ਹਾਂ 'ਹਰੇ ਇਨਕਲਾਬ' ਵਿਚੋਂ ਤਲਾਸ਼ੀਆਂ ਜਾ ਸਕਦੀਆਂ ਹਨ। ਹਰੇ ਇਨਕਲਾਬ ਨੇ ਪੰਜਾਬ ਦੇ ਪਰੰਪਰਾਗਤ ਜੀਵਨ ਨੂੰ ਤਬਦੀਲ ਕਰਨ ਵਿਚ ਅਹਿਮ ਭੂਮਿਕਾ ਨਿਭਾਈ। 'ਹਰੇ ਇਨਕਲਾਬ' ਦੀ ਆਮਦ ਨਾਲ ਖੇਤੀ ਉਪਜ ਵਿਚ ਵਾਧਾ ਤੇ ਕਿਸਾਨੀ ਵਿਚ ਮੱਧ ਵਰਗ ਪੈਦਾ ਹੋਇਆ। ਇਸ ਮੱਧ ਵਰਗ ਦੀਆਂ ਜ਼ਰੂਰਤਾਂ ਦੀ ਪੂਰਤੀ ਲਈ ਮੰਡੀ ਦਾ ਵਿਸਥਾਰ ਤੇ ਵਿਦਿਅਕ ਪ੍ਰਬੰਧ ਦਾ ਵਿਕਾਸ ਹੋਇਆ। ਪੰਜਾਬ ਦੀ ਰਾਜਨੀਤੀ ਵਿਚ ਪੇਂਡੂ ਸਮਾਜ ਭਾਰੂ ਧਿਰ ਦੇ ਰੂਪ ਵਿਚ ਦਾਖ਼ਲ ਹੋਇਆ। 'ਹਰੇ ਇਨਕਲਾਬ' ਦੇ ਆਰੰਭ ਸਮੇਂ ਇਸਦਾ ਫ਼ਾਇਦਾ ਕਿਸਾਨੀ ਦੇ ਸਾਰੇ ਵਰਗਾਂ ਨੂੰ ਹੋਇਆ, ਪਰ ਇਸ ਸਥਿਤੀ ਵਿਚੋਂ ਨਵੇਂ ਅੰਤਰ-ਵਿਰੋਧ ਵੀ ਉਪਜਣੇ ਤੇ ਸਾਹਮਣੇ ਆਉਣੇ ਸ਼ੁਰੂ ਹੋਏ, ਜਿਹੜੇ ਆਰਥਕ ਸੰਕਟ ਦਾ ਆਧਾਰ ਬਣਨ ਲੱਗੇ। ਇਹ ਆਰਥਕ ਸੰਕਟ ਹੌਲੀ-ਹੌਲੀ ਸਮਾਜਕ ਅਤੇ ਫਿਰ ਰਾਜਨੀਤਿਕ ਸੰਕਟ ਵਿਚ ਤਬਦੀਲ ਹੋਣੇ ਸ਼ੁਰੂ ਹੋਏ। ਕਿਸਾਨੀ ਦੇ ਸਮਾਜਕ

ਅਤੇ ਭਾਈਚਾਰਕ ਸੰਬੰਧਾਂ ਵਿਚ ਆਰਥਕ ਪਾੜਾ ਵਧਣਾ ਸ਼ੁਰੂ ਹੋਇਆ। ਇਸ ਤਬਦੀਲੀ ਨੇ ਕਿਸਾਨੀ ਸਮਾਜ ਅੰਦਰ ਨਵੇਂ ਅੰਤਰ-ਵਿਰੋਧਾਂ ਨੂੰ ਜਨਮ ਦਿੱਤਾ। ਕਿਸਾਨੀ ਦੇ ਹੇਠਲੇ ਵਰਗਾਂ ਉੱਪਰ ਕਰਜ਼ੇ ਦਾ ਬੋਝ ਵਧਣ ਲੱਗਾ।

ਪੰਜਾਬ ਵਿਚਲੀ ਇਸ ਸਥਿਤੀ ਦਾ ਕਾਰਣ ਅਸਲ ਵਿਚ ਆਰਥਕ ਵਿਕਾਸ ਵਿਚੋਂ ਪੈਦਾ ਹੋਈਆਂ ਉੱਚ-ਅਕਾਂਖਿਆਵਾਂ ਅਤੇ ਉਨ੍ਹਾਂ ਦੀ ਪੂਰਤੀ ਦੇ ਸਾਧਨਾਂ ਵਿਚਲਾ ਅੰਤਰ ਹੈ। ਭਾਰਤੀ ਸਰਮਾਏਦਾਰੀ ਨੇ ਖੇਤੀ ਆਧਾਰਿਤ ਅਰਥਚਾਰੇ ਵਿਚ ਪ੍ਰਵੇਸ਼ ਕਰਕੇ ਕਿਸਾਨੀ ਵਿਚ ਉਪਭੋਗਤਾਵਾਦ ਵਾਲੀ ਮਾਨਸਿਕਤਾ ਪੈਦਾ ਕਰ ਦਿੱਤੀ। ਖੇਤੀ ਦੇ ਮਸ਼ੀਨੀਕਰਣ ਨੇ ਖੇਤੀ ਸੈਕਟਰ ਵਿਚ ਰੁਜ਼ਗਾਰ ਦੇ ਵਸੀਲਿਆਂ ਨੂੰ ਇਕ ਨਵੀਂ ਦਿਸ਼ਾ ਵੱਲ ਮੋੜ ਦਿੱਤਾ। ਹੱਥੀਂ ਕੰਮ ਕਰਨ ਵਾਲੀ ਮਾਨਸਿਕਤਾ ਤਬਦੀਲ ਹੋ ਗਈ ਤੇ ਕਿਸਾਨੀ ਖੇਤੀ ਪ੍ਰਬੰਧਕ ਵਿਚ ਤਬਦੀਲ ਹੋ ਗਈ। ਖੇਤੀ ਖੇਤਰ ਵਿਚ ਲੱਗੀ ਪੂੰਜੀ ਅਤੇ ਪੈਦਾਵਾਰ ਵਿਚ ਅਨੁਪਾਤ ਵਿਗੜਨਾ ਸ਼ੁਰੂ ਹੋ ਗਿਆ। ਇਸ ਅਸੰਤੁਲਨ ਨੇ ਪੰਜਾਬ ਵਿਚਲੇ ਬਹੁ-ਪਰਤੀ ਅਤੇ ਬਹੁ-ਦਿਸ਼ਾਵੀ ਸੰਕਟ ਨੂੰ ਹੋਰ ਡੂੰਘਾ ਕੀਤਾ। ਕਿਸਾਨੀ ਦੇ ਉਪਰਲੇ ਵਰਗਾਂ ਦੀਆਂ ਵਧਦੀਆਂ ਰਾਜਸੀ ਤੇ ਆਰਥਕ ਅਕਾਂਖਿਆਵਾਂ ਤੇ ਹੇਠਲੇ ਵਰਗਾਂ ਦਾ ਨਿਰੰਤਰ ਵਧਦਾ ਆਰਥਕ ਸੰਕਟ ਪੰਜਾਬ ਸਮੱਸਿਆ ਦੇ ਰੂਪ ਵਿਚ ਸਾਹਮਣੇ ਆਇਆ। ਕਿਸਾਨੀ ਦੀਆਂ ਉਪਰਲੀਆਂ ਧਿਰਾਂ ਨੇ ਇਸ ਸੰਕਟ ਨੂੰ ਧਾਰਮਿਕ ਘੱਟ ਗਿਣਤੀ ਦੇ ਸੰਕਟ ਦੇ ਰੂਪ ਵਿਚ ਉਭਾਰਿਆ ਤੇ ਕੇਂਦਰੀ ਸਰਮਾਏਦਾਰੀ ਨੇ ਇਸ ਸੰਕਟ ਨੂੰ ਦੇਸ਼ ਦੀ ਏਕਤਾ ਤੇ ਅਖੰਡਤਾ ਦੇ ਰੂਪ ਵਿਚ। ਇਹ ਸੰਕਟ ਰਾਜਨੀਤਿਕ ਸੰਕਟ ਤੋਂ ਆਰੰਭ ਹੁੰਦਾ ਹੋਇਆ ਕਾਨੂੰਨ ਵਿਵਸਥਾ ਦੇ ਸੰਕਟ ਤੱਕ ਸੀਮਿਤ ਹੋ ਕੇ ਰਹਿ ਗਿਆ।

ਵੀਹਵੀਂ ਸਦੀ ਦੇ ਅੰਤਲੇ ਦਹਾਕੇ ਵਿਚ ਸੋਵੀਅਤ ਯੂਨੀਅਨ ਦੇ ਟੁੱਟਣ ਤੋਂ ਬਾਅਦ ਸੰਸਾਰਕ ਤਾਕਤਾਂ ਦਾ ਤਵਾਜ਼ਨ ਇਕ ਧਰੁਵੀ ਹੋ ਗਿਆ ਤੇ ਵਿਸ਼ਵੀਕਰਣ ਤੇ ਖੁਲ੍ਹੀ ਮੰਡੀ ਦਾ ਸੰਕਲਪ ਸਾਹਮਣੇ ਆਇਆ। ਸੂਚਨਾ ਤਕਨਾਲੋਜੀ ਅਤੇ ਪੂੰਜੀ ਦੇ ਸੰਸਾਰੀਕਰਣ ਨੇ ਮੰਡੀ ਆਧਾਰਿਤ

ਆਰਥਕਤਾ ਲਈ ਰਾਹ ਪੱਧਰਾ ਕਰ ਦਿੱਤਾ। ਇਨ੍ਹਾਂ ਸਥਿਤੀਆਂ ਨੇ ਸਭ ਤੋਂ ਵੱਧ ਪ੍ਰਭਾਵ ਖੇਤੀ ਸੈਕਟਰ ਵਿਚ ਪਾਇਆ। ਵਿਸ਼ਵੀਕਰਣ ਦੇ ਵਰਤਾਰੇ ਨੇ ਸਿਰਫ਼ ਮੰਡੀ ਦਾ ਹੀ ਵਿਕਾਸ ਨਹੀਂ ਕੀਤਾ ਸਗੋਂ ਮੰਡੀ ਸਭਿਆਚਾਰ ਤੇ ਮਾਨਸਿਕਤਾ ਨੂੰ ਵੀ ਵਿਕਸਿਤ ਕੀਤਾ। ਮੰਡੀ ਸਭਿਆਚਾਰ ਨੇ ਨਿੱਜੀ ਅਕਾਂਖਿਆਵਾਂ ਨੂੰ ਇਸ ਹੱਦ ਤੱਕ ਮੰਡੀ ਦਾ ਹਿੱਸਾ ਬਣਾ ਦਿੱਤਾ ਕਿ ਮਾਨਵੀ ਮੁੱਲਾਂ ਦੇ ਅਰਥ ਹੀ ਗਵਾਚ ਗਏ ਤੇ ਮਾਨਵੀ ਰਿਸ਼ਤੇ ਆਪਣੇ ਧਰਾਤਲ ਤੋਂ ਖਿਸਕ ਕੇ ਪੈਸਾ ਆਧਾਰਿਤ ਕੀਮਤਾਂ ਦੁਆਰਾ ਨਿਰਧਾਰਿਤ ਤੇ ਪਰਿਭਾਸ਼ਤ ਕੀਤੇ ਜਾਣ ਲੱਗੇ। ਇਨ੍ਹਾਂ ਤਬਦੀਲੀਆਂ ਨਾਲ ਪੰਜਾਬ ਸੰਕਟ ਦੇ ਇਕ ਨਵੇਂ ਦੌਰ ਵਿਚ ਪ੍ਰਵੇਸ਼ ਕਰ ਗਿਆ। ਇਸ ਸੰਕਟ ਦੇ ਕਾਰਣ ਕਿਸਾਨੀ ਸਮਾਜ ਦੀ ਵਸਤੂ ਸਥਿਤੀ ਵਿਚ ਮੌਜੂਦ ਸਨ। ਇਸ ਸੰਕਟ ਦੇ ਕਾਰਣਾਂ ਵੱਲ ਇਸ਼ਾਰਾ ਕਰਦੇ ਹੋਏ ਡਾ. ਨਾਹਰ ਸਿੰਘ ਲਿਖਦੇ ਹਨ, "ਸਭ ਤੋਂ ਦੁਖਾਂਤਕ ਪਹਿਲੂ ਤਾਂ ਇਹ ਹੈ ਕਿ 'ਹਰੇ ਇਨਕਲਾਬ' ਨੇ ਪੰਜਾਬ ਦੇ ਆਰਥਕ ਅਤੇ ਸਭਿਆਚਾਰਕ ਵਿਕਾਸ ਵਿਚ ਬੜੇ ਗੰਭੀਰ ਪਾੜੇ ਪੈਦਾ ਕਰ ਦਿੱਤੇ। . . . ਪੰਜਾਬ ਵਿਚ ਖੇਤੀ ਉਤਪਾਦਨ ਦੇ ਵਾਧੇ ਨਾਲ ਐਗਰੋ ਇੰਡਸਟਰੀਜ਼ ਤੇ ਹੋਰ ਇੰਡਸਟਰੀਜ਼ ਦਾ ਯੋਜਨਾਬੱਧ ਵਿਕਾਸ ਨਹੀਂ ਉਲੀਕਿਆ ਜਾ ਸਕਿਆ। ਇਸ ਤਰ੍ਹਾਂ ਵਾਧੂ ਜਿਨਸ, ਫਲ ਅਤੇ ਸਬਜ਼ੀਆਂ ਵਾਫ਼ਰ ਹੋਣ ਲੱਗੀਆਂ।... ਹਰੇ ਇਨਕਲਾਬ ਨਾਲ ਵਿਹਲੀ ਹੋਈ ਕਿਰਤ ਠੀਕ ਢੰਗ ਨਾਲ ਹੋਰ ਖੇਤਰਾਂ 'ਚ ਸਮਾ ਨਾ ਸਕੀ, ਜਿਸ ਨਾਲ ਪ੍ਰਤੱਖ, ਲੁਕਵੀਂ ਤੇ ਅਰਧ-ਲੁਕਵੀਂ ਬੇਰੁਜ਼ਗਾਰੀ ਪੈਦਾ ਹੋਈ। ਭਾਵੇਂ ਖੇਤੀ ਦਾ ਮਸ਼ੀਨੀਕਰਣ ਕਾਫ਼ੀ ਤੇਜ਼ੀ ਨਾਲ ਹੋਇਆ। ਪਰ ਉੱਥੇ ਵਾਧੂ ਕਿਰਤ ਸ਼ਕਤੀ ਦੀ ਸਮਾਈ ਸੰਭਵ ਨਾ ਹੋਈ। ਤੀਸਰਾ, ਪੜ੍ਹੀ ਲਿਖੀ ਨੌਜਵਾਨ ਪੀੜ੍ਹੀ ਸਰਵਿਸ ਸੈਕਟਰ, ਸਨਅਤੀ ਖੇਤਰ ਤੇ ਸ਼ਹਿਰੀ ਖੇਤਰ ਦਾ ਢੁਕਵਾਂ ਵਿਕਾਸ ਨਾ ਹੋਣ ਕਰਕੇ ਕਿਧਰੇ ਵੀ ਸਮਾ ਨਾ ਸਕੀ ਅਤੇ ਪੜ੍ਹੇ-ਲਿਖੇ ਨੌਜਵਾਨ ਖੇਤੀ ਲਈ ਬਿਹਾਰੀ ਮਜ਼ਦੂਰਾਂ ਦੀ ਵਾਫਰ ਮੌਜੂਦਗੀ ਕਾਰਣ ਨਕਾਰਾ ਸਿੱਧ ਹੋਣ ਲੱਗੇ। ਇਸ ਤਰ੍ਹਾਂ 'ਹਰੇ ਇਨਕਲਾਬ' ਨਾਲ ਜਿੰਨਾ ਸਿੱਖਿਆ ਨੂੰ ਹੁੰਗਾਰਾ ਮਿਲਿਆ, ਉਸਤੋਂ ਕਿਤੇ ਵੱਧ ਬੇ-ਰੁਜ਼ਗਾਰੀ ਵਧੀ। ਚੌਥਾ 'ਹਰੇ ਇਨਕਲਾਬ' ਦੀ ਖੜੋਤ ਤੋਂ ਬਾਅਦ ਪੰਜਾਬ ਦੀ ਕਿਸਾਨੀ

ਆਰਥਕ ਅਤੇ ਸਭਿਆਚਾਰਕ ਦੋਹਾਂ ਪੱਧਰਾਂ ਉੱਤੇ ਆਪਣੇ-ਆਪ ਨੂੰ ਨਵੀਆਂ ਸਥਿਤੀਆਂ ਅਨੁਸਾਰ ਢਾਲਣ ਵਿਚ ਅਸਮਰੱਥ ਹੋਣ ਕਰਕੇ ਸੰਭਲ ਨਾ ਸਕੀ। ਖ਼ਰਚੇ ਵਧਦੇ ਗਏ, ਜ਼ਰੂਰੀ ਲੋੜਾਂ ਤੋਂ ਉੱਪਰ ਪੈਦਾ ਹੋਈਆਂ ਗ਼ੈਰ-ਜ਼ਰੂਰੀ ਲੋੜਾਂ ਵੀ ਘਟਾਈਆਂ ਨਾ ਜਾ ਸਕੀਆਂ। ਸਿੱਟੇ ਵਜੋਂ ਕਿਸਾਨੀ ਕਰਜ਼ੇ ਦੀ ਗ੍ਰਿਫ਼ਤ ਵਿਚ ਆਉਂਦੀ ਗਈ।[1] ਵਿਸ਼ਵੀਕਰਣ ਤੇ ਖੁਲ੍ਹੀ ਮੰਡੀ ਦੇ ਵਰਤਾਰੇ ਨੇ ਇਸਦੇ ਸੰਕਟ ਨੂੰ ਹੋਰ ਵੀ ਗੰਭੀਰ ਬਣਾ ਦਿੱਤਾ।

ਵਿਸ਼ਵੀਕਰਣ ਦਾ ਵਰਤਾਰਾ ਵੀਹਵੀਂ ਸਦੀ ਦੇ ਅੰਤਲੇ ਦਹਾਕੇ ਵਿਚ ਪ੍ਰਤੱਖ ਰੂਪ ਵਿਚ ਭਾਰਤ ਅੰਦਰ ਉਭਰਨਾ ਸ਼ੁਰੂ ਹੋਇਆ। ਇਸ ਵਰਤਾਰੇ ਕਾਰਨ ਸਮੁੱਚੀਆਂ ਕਦਰਾਂ-ਕੀਮਤਾਂ ਤੇ ਜੀਵਨ-ਮੁੱਲ ਪਦਾਰਥਕ ਹਾਲਾਤ ਦੇ ਅਨੁਸਾਰੀ ਹੋਣ ਲੱਗੇ। ਇਸ ਉਪਰੋਕਤ ਸਥਿਤੀ ਵਿਚ ਅੰਤਰ-ਵਿਰੋਧ ਮਾਰੂ ਰੂਪ ਵਿਚ ਸਾਹਮਣੇ ਆ ਰਹੇ ਹਨ ਤੇ ਇਸ ਤੋਂ ਸਭ ਤੋਂ ਵੱਧ ਪ੍ਰਭਾਵਿਤ ਹੋਣ ਵਾਲਾ ਸੈਕਟਰ ਖੇਤੀ ਹੈ। ਇਨ੍ਹਾਂ ਵਰਤਾਰਿਆਂ ਨੇ ਕਿਸਾਨੀ ਦੀ ਜੀਵਨ ਵਿਧੀ ਨੂੰ ਮੂਲੋਂ ਹੀ ਬਦਲ ਕੇ ਰੱਖ ਦਿੱਤਾ ਹੈ। ਸਦੀਆਂ ਦੇ ਉਸਰੇ ਮਾਨਵੀ ਮੁੱਲ ਇਨ੍ਹਾਂ ਸਥਿਤੀਆਂ ਸਾਹਮਣੇ ਗ਼ੈਰ-ਪ੍ਰਾਸੰਗਿਕ ਹੋ ਗਏ ਮਹਿਸੂਸ ਹੁੰਦੇ ਹਨ। ਇਸ ਦਾ ਮਾਰੂ ਅਸਰ ਇੱਥੋਂ ਦੇ ਵਿਦਿਅਕ ਪ੍ਰਬੰਧ ਉੱਤੇ ਵੀ ਪਿਆ। ਨਿੱਜੀਕਰਣ ਤੇ ਵਪਾਰੀਕਰਣ ਦੇ ਵਰਤਾਰਿਆਂ ਨੇ ਸਿੱਖਿਆ ਦੇ ਖੇਤਰ ਵਿਚ ਬੇ-ਰੁਜ਼ਗਾਰਾਂ ਦੀ ਇਕ ਵੱਡੀ ਫ਼ੌਜ ਖੜ੍ਹੀ ਕਰ ਦਿੱਤੀ ਹੈ। ਇਸ ਵਿਚ ਵੱਡਾ ਹਿੱਸਾ ਕਿਸਾਨੀ ਸਮਾਜ ਨਾਲ ਸੰਬੰਧਿਤ ਹੈ। ਇਸ ਵਰਗ ਨੇ ਪੂਰੇ ਮੁੱਲ-ਪ੍ਰਬੰਧ ਤੇ ਜੀਵਨ-ਵਿਸ਼ਵਾਸਾਂ ਨੂੰ ਬਦਲ ਕੇ ਰੱਖ ਦਿੱਤਾ ਹੈ। ਨਸ਼ਾਖੋਰੀ, ਜੁਰਮ ਦੀ ਮਾਨਸਿਕਤਾ ਅਤੇ ਨੈਤਿਕ ਮੁੱਲਾਂ ਦੀ ਟੁੱਟ-ਭੱਜ ਇਸ ਵਰਗ ਦੇ ਅਵਚੇਤਨ ਦਾ ਹਿੱਸਾ ਬਣਿਆ ਹੋਇਆ ਹੈ। ਇਹ ਸਮੁੱਚੀ ਵਸਤੂ-ਸਥਿਤੀ ਕਿਤੇ ਸਰਲੀਕ੍ਰਿਤ ਅਤੇ ਕਿਤੇ ਗੁੰਝਲਦਾਰ ਰੂਪ ਵਿਚ ਨਵੀਂ ਪੰਜਾਬੀ ਕਹਾਣੀ ਦਾ ਹਿੱਸਾ ਬਣ ਰਹੀ ਹੈ। ਆਰਥਕ ਸੰਕਟ, ਗਲੈਮਰ, ਨਸ਼ਾਖੋਰੀ, ਆਤਮ-ਹੱਤਿਆਵਾਂ, ਮਾਨਵੀ ਰਿਸ਼ਤਿਆਂ ਦਾ ਅਵਮੁੱਲਣ, ਸੁੱਖ-ਸਹੂਲਤਾਂ ਵਾਲੇ ਜੀਵਨ ਦੀਆਂ ਖ਼ਾਹਿਸ਼ਾਂ ਵਰਗੇ ਸਰੋਕਾਰ ਪੰਜਾਬੀ ਦੀ ਸਮਕਾਲੀ ਕਹਾਣੀ ਵਿਚ ਦੁਖਾਂਤਕ ਪੈਟਰਨ ’ਤੇ ਢਲੇ ਹੋਏ ਬਿਰਤਾਂਤ

ਰਾਹੀਂ ਉੱਭਰ ਰਹੇ ਹਨ। ਨਵੀਂ ਪੀੜ੍ਹੀ ਦੇ ਬਹੁਤੇ ਕਹਾਣੀਕਾਰ ਇਨ੍ਹਾਂ ਸੰਕਟਾਂ ਦੇ ਕਾਰਣਾਂ ਨੂੰ ਸੁਝਾਉਮੁਖੀ ਰੂਪ ਵਿਚ ਪੇਸ਼ ਕਰ ਰਹੇ ਹਨ। ਨਵੀਂ ਸਦੀ ਦੇ ਪਹਿਲੇ ਦਹਾਕੇ ਵਿਚ ਇਹ ਸਾਰੇ ਸਰੋਕਾਰ ਮਾਨਵ ਹਿਤੈਸ਼ੀ ਦ੍ਰਿਸ਼ਟੀਕੋਣ ਤੋਂ ਉੱਭਰ ਰਹੇ ਹਨ। ਪੰਜਾਬੀ ਕਹਾਣੀ ਇਸ ਦੌਰ ਦੇ ਦੁਖਾਂਤਕ ਪਹਿਲੂ ਉੱਤੇ ਕੇਂਦ੍ਰਿਤ ਹੋ ਰਹੀ ਹੈ।

ਸਮਕਾਲੀ ਪੰਜਾਬੀ ਕਹਾਣੀ ਵਿਚ ਕਿਸਾਨੀ ਸੰਕਟ ਵਿਚ ਆਰਥਕ ਤੇ ਸਮਾਜਕ ਸੰਕਟ ਦੇ ਸਿਖ਼ਰ ’ਤੇ ਪਹੁੰਚ ਜਾਣ ਕਰਕੇ ਆਤਮ-ਹੱਤਿਆਵਾਂ ਦਾ ਮਸਲਾ ਕੇਂਦਰੀ ਸਰੋਕਾਰ ਦੇ ਰੂਪ ਵਿਚ ਉੱਭਰ ਰਿਹਾ ਹੈ। ਇਹ ਦੁਖਾਂਤ ਉੱਚ-ਅਕਾਂਖਿਆਵਾਂ ਅਤੇ ਹਕੀਕਤ ਵਿਚ ਨਿਰੰਤਰ ਵਧ ਰਹੇ ਪਾੜੇ ਕਾਰਣ ਵਾਪਰਦਾ ਹੈ ਤੇ ਇਸ ਵਰਤਾਰੇ ਨੇ ਮਨੁੱਖੀ ਜੀਵਨ ਦੇ ਅਣਮੁੱਲੇ ਹੋਣ ਦੇ ਮੱਧਕਾਲ ਦੇ ਅਧਿਆਤਮਕ ਮੁੱਲਾਂ ਨੂੰ ਪੂਰੀ ਤਰ੍ਹਾਂ ਤੋੜ ਕੇ ਰੱਖ ਦਿੱਤਾ ਹੈ। ਕਿਸਾਨੀ ਦੀ ਪਰੰਪਰਾਗਤ ਮਾਨਸਿਕਤਾ ਵਿਚ ਅਮੀਰੀ ਤੇ ਗ਼ਰੀਬੀ ਦੇ ਮਸਲੇ ਪਿਛਲੇ ਜਨਮ ਦੇ ਕਰਮਾਂ ਦੇ ਫ਼ਲਸਫੇ ’ਤੇ ਆਧਾਰਿਤ ਸਨ ਤੇ ਇਹ ਫ਼ਲਸਫਾ ਗ਼ਰੀਬੀ ਨੂੰ ‘ਪਰਮਾਤਮਾ ਦੀ ਰਜ਼ਾ’ ਤੇ ‘ਭਾਣਾ ਮੰਨਣ’ ਦੇ ਸਰੋਕਾਰਾਂ ਨਾਲ ਜੋੜ ਕੇ ਵੇਖਦਾ ਸੀ। ਅਰਥਚਾਰੇ ਦੀਆਂ ਨਵੀਆਂ ਖਿੱਚਾਂ ਤੇ ਜ਼ਰੂਰਤਾਂ ਨੇ ਇਨ੍ਹਾਂ ਜੀਵਨ-ਮੁੱਲਾਂ ਪ੍ਰਤਿ ਸ਼ੰਕੇ ਖੜੇ ਕਰ ਦਿੱਤੇ, ਜਿਸ ਨਾਲ ਇਹ ਧਾਰਨਾਵਾਂ ਬਦਲਣੀਆਂ ਤੇ ਟੁੱਟਣੀਆਂ ਸ਼ੁਰੂ ਹੋ ਗਈਆਂ। ਪੇਂਡੂ ਸਮਾਜ ਵਿਚ ਪੈਦਾ ਹੋਈ ਮੱਧ ਵਰਗੀ ਮਾਨਸਿਕਤਾ ਨੇ ਐਸ਼ੋ ਇਸ਼ਰਤ ਵਾਲੇ ਜੀਵਨ ਲਈ ਜ਼ਮੀਨ ਤਿਆਰ ਕਰ ਦਿੱਤੀ। ਕਿਰਤ ਆਧਾਰਿਤ ਖੇਤੀ ਮਸ਼ੀਨੀਕਰਣ ਆਧਾਰਿਤ ਹੋ ਜਾਣ ਕਰਕੇ ਕਿਸਾਨ ਦੀ ਭੂਮਿਕਾ ਮੈਨੇਜਰ ਵਿਚ ਤਬਦੀਲ ਹੋ ਗਈ। ਖੇਤੀ ਇਕ ਅਜਿਹਾ ਸੈਕਟਰ ਬਣਕੇ ਉੱਭਰਿਆ ਜਿਸ ਵਿਚ ਪੂੰਜੀ ਲੱਗਣੀ ਸ਼ੁਰੂ ਹੋ ਗਈ। ਖੇਤੀ ਦੀ ਉਪਜ ਕਿਸਾਨੀ ਦੇ ਜੀਵਨ ਨਿਰਬਾਹ ਦਾ ਵਸੀਲਾ ਵੀ ਸੀ ਪਰ ਖੇਤੀ ਦੀ ਲਾਗਤ ਤੇ ਫ਼ਸਲ ਦੀਆਂ ਕੀਮਤਾਂ ਵਿਚਲੇ ਅੰਤਰ ਨੇ ਇਸ ਨੂੰ ਘਾਟੇ ਦਾ ਸੌਦਾ ਬਣਾ ਦਿੱਤਾ। ਉਪਭੋਗਤਾਵਾਦੀ ਸਭਿਆਚਾਰ ਤੇ ਨਵੀਆਂ ਪੈਦਾ ਹੋਈਆਂ ਵਸਤਾਂ ਦੀ ਖਿੱਚ ਨੇ ਕਿਸਾਨੀ ਨੂੰ ਕਰਜ਼ਾਈ ਬਣਾਉਣਾ ਸ਼ੁਰੂ ਕਰ ਦਿੱਤਾ। ਖੇਤੀ ਸੰਸਥਾਵਾਂ ਤੋਂ ਲਏ ਕਰਜ਼ੇ ਨੂੰ

ਕਿਸਾਨੀ ਨੇ ਖੇਤੀ ਵਿਚ ਲਾਉਣ ਦੀ ਬਜਾਇ ਇਨ੍ਹਾਂ ਵਸਤਾਂ ਦੀ ਖ਼ਰੀਦ ’ਤੇ ਲਾਉਣਾ ਸ਼ੁਰੂ ਕੀਤਾ। ਇਸ ਨਾਲ ਕਿਸਾਨੀ ’ਤੇ ਕਰਜ਼ੇ ਦਾ ਬੋਝ ਨਿਰੰਤਰ ਵਧਣ ਲੱਗਾ। ਕਿਸਾਨੀ ਕੋਲ ਕਰਜ਼ੇ ਦੀ ਵਾਪਸੀ ਲਈ ਜ਼ਮੀਨਾਂ ਵੇਚਣ ਤੋਂ ਬਿਨਾਂ ਹੋਰ ਕੋਈ ਰਾਹ ਹੀ ਨਾ ਰਿਹਾ ਤੇ ਜ਼ਮੀਨ ਵਿਕਣ ਨਾਲ ਕਿਸਾਨੀ ਦੀ ਖ਼ਤਮ ਹੋ ਰਹੀ ਹੈਸੀਅਤ ਨੇ ਉਸ ਨੂੰ ਖੁਦਕਸ਼ੀਆਂ ਦੇ ਰਾਹ ਤੋਰ ਦਿੱਤਾ। ਇਸ ਵਰਤਾਰੇ ਨੂੰ ਪੰਜਾਬੀ ਕਹਾਣੀਕਾਰਾਂ ਨੇ ਆਪਣੇ ਬਿਰਤਾਂਤ ਰਾਹੀਂ ਪੇਸ਼ ਕੀਤਾ ਹੈ। ਬਲਦੇਵ ਸਿੰਘ ਧਾਲੀਵਾਲ ਦੀ ਕਹਾਣੀ ‘ਕਾਰਗਿਲ’ ਅਤੇ ਬਲਦੇਵ ਸਿੰਘ ਢੀਂਡਸਾ ਦੀ ਕਹਾਣੀ ‘ਚਕਰਵਿਊ’ ਇਸੇ ਦੁਖਾਂਤਕ ਸਥਿਤੀ ਦਾ ਚਿਤਰ ਪੇਸ਼ ਕਰਦੀਆਂ ਹਨ। ਇਹ ਦੋਵੇਂ ਕਹਾਣੀਆਂ ਕਿਸਾਨੀ ਦੇ ਦੁਖਾਂਤ ਦੇ ਜ਼ਿੰਮੇਵਾਰ ਦੋ ਕਾਰਕਾਂ ਸਰਕਾਰੀ ਅਤੇ ਗ਼ੈਰ-ਸਰਕਾਰੀ ਕਰਜ਼ੇ ਦੀਆਂ ਸੰਸਥਾਵਾਂ ਨੂੰ ਬਿਰਤਾਂਤ ਦਾ ਹਿੱਸਾ ਬਣਾਉਂਦੀਆਂ ਹਨ। ਬਲਦਵੇ ਧਾਲੀਵਾਲ ਕਹਾਣੀ ਨੂੰ ਘਟਨਾ ਵਾਪਰਣ ਤੋਂ ਸ਼ੁਰੂ ਕਰਕੇ ਭੂਤ ਅਤੇ ਵਰਤਮਾਨ ਸਥਿਤੀਆਂ ਦਾ ਬਿਰਤਾਂਤ ਸਿਰਜ ਕੇ ਉਭਾਰਦਾ ਹੈ। ਪਰਿਵਾਰ ਸਮੇਤ ਆਤਮ-ਹੱਤਿਆਵਾਂ ਕਰਨ ਦਾ ਰੁਝਾਣ ਪਿਛਲੇ ਥੋੜ੍ਹੇ ਸਮੇਂ ਵਿਚ ਕਿਸਾਨੀ ਵਿਚ ਦੁਖਾਂਤਕ ਵਰਤਾਰਾ ਬਣਕੇ ਉੱਭਰਿਆ ਹੈ ਤੇ ਇਸ ਵਰਤਾਰੇ ਨੂੰ ਦਿਸਦੇ ਕਾਰਕਾਂ ਸਮੇਤ ਪੰਜਾਬੀ ਕਹਾਣੀ ਨੇ ਵੀ ਚਿਤਰਿਆ ਹੈ। ‘‘ਰਣਬੀਰ, ਉਸਦੀ ਪਤਨੀ ਬਚਿੰਤ ਕੌਰ, ਦੋਵੇਂ ਮੁਟਿਆਰ ਧੀਆਂ ਦੀਪਾਂ ਅਤੇ ਜੀਤਾਂ ਅਤੇ ਛੋਟੇ ਮੁੰਡੇ ਪ੍ਰੀਤੂ ਦੀਆਂ ਲਾਸ਼ਾਂ ਬਰੋ ਬਰਾਬਰ ਬਰਫ਼ ਦੀਆਂ ਸਿਲਾਂ ਉੱਤੇ ਚਾਦਰਾਂ ਨਾਲ ਢਕੀਆਂ ਪਈਆਂ ਸਨ।... ਸਾਰਾ ਦਿਨ ਪੋਸਟਮਾਰਟਮ ਦੇ ਚੱਕਰ ਵਿਚ ਲੰਘ ਗਿਆ ਸੀ। ਇਹ ਵੀ ਫ਼ੌਜੀਆਂ ਦੇ ਕੈਪਟਨ ਧਰਮ ਸਿੰਘ, ਸਰਪੰਚ ਗੁਰਮੁਖ ਸਿੰਘ ਤੇ ਰਣਬੀਰ ਦੇ ਧਰਮ ਦੇ ਭਰਾ ਬਣੇ ਤ੍ਰਿਲੋਕ ਚੰਦ ਸਲੂਜਾ ਦੀ ਹਿੰਮਤ ਸੀ ਕਿ ਉਨ੍ਹਾਂ ਦੇ ਇਲਾਕੇ ਦੇ ਐਮ. ਐਲ. ਏ ਢਿੱਲੋਂ ਸਾਹਿਬ ਤੋਂ ਸਿਵਲ ਸਰਜਨ ਨੂੰ ਫ਼ੋਨ ਕਰਵਾ ਦਿੱਤਾ ਸੀ।’’[2] ਇਸ ਦੁਖਾਂਤਕ ਚਿੱਤਰ ਵਿਚ ਕਹਾਣੀ ਆਪਣੇ ਪਰਿਪੇਖ ਸਮੇਤ ਉੱਭਰਦੀ ਹੈ। ਲੇਖਕ ਰਣਬੀਰ ਦੇ ਦੁਖਾਂਤ ਨੂੰ ਵਿਅਕਤੀ ਤੋਂ ਲੈ ਕੇ ਸਮੂਹਿਕ ਤਰਕ ਸਮੇਤ ਉਭਾਰਦਾ ਹੈ। ਵਿਅਕਤੀਗਤ ਤਰਕ ਵਿਚੋਂ ਰਣਬੀਰ ਦਾ ਪਾਤਰ ਵਿਅਕਤੀਗਤ ਖ਼ਾਸੀਅਤਾਂ ਸਮੇਤ ਉਭਰਦਾ ਹੈ।

ਉਹ ਪੜ੍ਹਾਈ ਵਿਚ ਕਿਸੇ ਅਲੋਕਾਰੀ ਪ੍ਰਤਿਭਾ ਦਾ ਸੁਆਮੀ ਬਣਕੇ ਨਹੀਂ ਉਭਰਦਾ। ਰਣਬੀਰ ਹਰ ਪ੍ਰਕਾਰ ਦੀ ਮਿਹਨਤ ਤੋਂ ਕਿਨਾਰਾ ਕਰਦਾ ਹੈ। ਇਸ ਕਹਾਣੀ ਦੀ ਖ਼ੂਬਸੂਰਤੀ ਯਥਾਰਥ ਅਤੇ ਯਥਾਰਥ ਪ੍ਰਭਾਵਿਤ ਤਰਕ ਸਿਰਜਣ ਨਾਲ ਜੁੜੀ ਹੋਈ ਹੈ। ਇਸੇ ਸੰਕਟ ਵਿਚੋਂ ਰਣਬੀਰ ਸਰਕਾਰੀ ਸੰਸਥਾਵਾਂ ਦੇ ਕਰਜ਼ੇ ਦੀ ਜਕੜ ਵਿਚ ਫਸ ਜਾਂਦਾ ਹੈ। ਸਰਕਾਰੀ ਨੀਤੀਆਂ ਕਿਸਾਨੀ ਨੂੰ ਨਿੱਜੀ ਸੰਸਥਾਵਾਂ ਤੋਂ ਕਰਜ਼ੇ ਦੀ ਮੁਕਤੀ ਨਾਲ ਸੰਬੰਧਿਤ ਹਨ, ਜਿਹੜੀਆਂ ਕਿਸਾਨ ਦੀ ਤਰੱਕੀ ਦੀਆਂ ਜਾਮਨ ਬਣ ਸਕਦੀਆਂ ਹਨ ਪਰੰਤੂ ਕਿਸਾਨੀ ਮਾਨਸਿਕਤਾ ਤੇ ਵਿਹਾਰ ਵਿਚ ਆਏ ਵਿਗਾੜ ਨੇ ਵਿਕਾਸ ਦੀ ਥਾਂ ਵਿਨਾਸ਼ ਲਈ ਰਾਹ ਪੱਧਰਾ ਕਰ ਦਿੱਤਾ।

ਕਰਜ਼ੇ ਦੀਆਂ ਸਰਕਾਰੀ ਸੰਸਥਾਵਾਂ ਅਤੇ ਕਿਸਾਨੀ ਵਿਚਕਾਰ ਇਕ ਦਲਾਲ ਵਰਗ ਉੱਭਰ ਕੇ ਸਾਹਮਣੇ ਆਇਆ। ਸਰਕਾਰੀ ਸੰਸਥਾਵਾਂ ਤੋਂ ਕਰਜ਼ਾ ਕਿਸਾਨੀ ਲਈ ਆੜ੍ਹਤੀਏ ਦੀ ਗ਼ੁਲਾਮੀ ਤੋਂ ਰਾਹਤ ਦਿਵਾਉਣ ਵਾਲਾ ਸੀ। ਕਰਜ਼ੇ ਦੀ ਕਿਸ਼ਤ ਨਾ ਮੋੜ ਸਕਣ ਦੀ ਸੂਰਤ ਵਿਚ ਦਲਾਲਾਂ ਅਤੇ ਭ੍ਰਿਸ਼ਟ ਅਫ਼ਸਰਸ਼ਾਹੀ ਨੇ ਨਵੇਂ ਰਸਤੇ ਖੋਲ੍ਹ ਦਿੱਤੇ। ਇਸ ਕਰਜ਼ੇ ਨੇ ਨਵੇਂ ਵਿਗਾੜਾਂ ਨੂੰ ਜਨਮ ਦਿੱਤਾ। ਇਹ ਪੈਸਾ ਖੇਤੀ ਦੀ ਤਰੱਕੀ ਵਿਚ ਲੱਗਣ ਦੀ ਥਾਂ ਸੁਖ-ਸਹੂਲਤਾਂ ’ਤੇ ਖ਼ਰਚ ਹੋਣ ਲੱਗਾ। “ਦੋ ਸਾਲਾਂ ਵਿਚ ਹੀ ਰਣਬੀਰ ਦੇ ਵਾਰੇ-ਨਿਆਰੇ ਹੋ ਗਏ। ਉਸਨੇ ਤਿੰਨ ਕਮਰਿਆਂ ਵਾਲਾ ਪੱਕਾ ਮਕਾਨ ਬਿਲਕੁਲ ਫ਼ੌਜੀਆਂ ਦੇ ਘਰ ਦੇ ਨਕਸ਼ੇ ਅਨੁਸਾਰ ਬਣਾ ਲਿਆ ਸੀ।... ਸਲੂਜੇ ਨੇ ਆਪਣੀ ਜਾਮਨੀ ਦੇ ਕੇ ਫਰਿੱਜ, ਬਲੈਕ ਐਂਡ ਵਾਈਟ ਟੀ. ਵੀ. ਅਤੇ ਛੋਟਾ ਕੂਲਰ ਵੀ ਉਧਾਰ ਚੁਕਵਾ ਦਿੱਤੇ ਸਨ। ਬੱਚਿਆਂ ਨੂੰ ਪਿੰਡ ਦੇ ਸਕੂਲ ਵਿਚੋਂ ਹਟਾ ਕੇ ਸ਼ਹਿਰ ਅੰਗਰੇਜ਼ੀ ਸਕੂਲ ਵਿਚ ਲਾਉਣ ਦਾ ਫ਼ੈਸਲਾ ਵੀ ਸਲੂਜੇ ਦਾ ਹੀ ਸੀ।”[3] ਇਹ ਸਥਿਤੀ ਉਸ ਮਾਨਸਿਕਤਾ ਵਿਚੋਂ ਆਪਣਾ ਸਰੂਪ ਗ੍ਰਹਿਣ ਕਰਦੀ ਹੈ ਜਿਹੜੀ ਮੱਧਵਰਗੀ ਉੱਚ-ਅਕਾਂਖਿਆਵਾਂ ਵਿਚੋਂ ਜਨਮ ਲੈਂਦੀ ਹੈ।

ਇਸ ਜੀਵਨ-ਜਾਚ ਲਈ ਲੋੜੀਂਦੇ ਸਾਧਨਾਂ ਦੀ ਪੂਰਤੀ ਲਈ ਪੈਸਾ ਕਰਜ਼ੇ ਵਿਚੋਂ ਪੈਦਾ ਹੋਇਆ ਹੈ ਤੇ ਇਹ ਕਰਜ਼ਾ ਪੂੰਜੀਵਾਦੀ ਵਿਕਾਸ ਦਿਸ਼ਾ ਨਿਰਧਾਰਿਤ ਕਰਨ ਵਾਲੀ ਸਰਕਾਰ ਦੀਆਂ ਨੀਤੀਆਂ

ਦਾ ਹਿੱਸਾ ਹੈ। ਇਸੇ ਨੀਤੀ ਅਧੀਨ ਧਨੀ ਕਿਸਾਨੀ ਨੇ ਇਸ ਵਿਚੋਂ ਵਿਕਾਸ ਕੀਤਾ ਅਤੇ ਛੋਟੀ ਕਿਸਾਨੀ ਉਜਾੜੇ ਦੇ ਰਾਹ ਪੈ ਗਈ। 'ਹਰੇ ਇਨਕਲਾਬ' ਤੋਂ ਬਾਅਦ ਪੰਜਾਬ ਦੀ ਕਿਸਾਨੀ ਦੀ ਆਮਦਨ ਵਿਚ ਵਾਧਾ ਹੋਇਆ ਹੈ। ਵਧੇ ਹੋਏ ਸਰਮਾਏ ਦੀ ਵਰਤੋਂ ਉਸਨੇ ਕਈ ਤਰ੍ਹਾਂ ਨਾਲ ਕੀਤੀ। ਕੁਝ ਹਿੱਸੇ ਨੂੰ ਕਿਸਾਨੀ ਨੇ ਮੁੜ ਖੇਤੀ ਦੀ ਪੈਦਾਵਾਰ ਵਧਾਉਣ ਦੇ ਅਮਲ ਵਿਚ ਲਾਇਆ, ਕੁਝ ਨਾਲ ਆਪਣੀਆਂ ਜ਼ਰੂਰੀ ਲੋੜਾਂ ਪੂਰੀਆਂ ਕੀਤੀਆਂ ਅਤੇ ਬਾਕੀ ਨੂੰ ਆਮਦਨ ਵਧਾਉਣ ਲਈ ਵਰਤਣ ਦੀ ਥਾਂ ਸਿਰਫ਼ ਆਪਣਾ ਜੀਵਨ ਪੱਧਰ ਉੱਚਾ ਵਿਖਾਉਣ ਦੇ ਫੋਕੇ ਕਾਰਜਾਂ ਵਿਚ ਲਾਇਆ, ਜਿਵੇਂ ਕੁੜੀਆਂ-ਮੁੰਡਿਆਂ ਦੇ ਵਧੀਆ ਵਿਆਹ ਕਰਨ, ਆਲੀਸ਼ਾਨ ਮਕਾਨ ਬਣਾਉਣ, ਟੀ.ਵੀ., ਫਰਿੱਜ ਤੇ ਫ਼ਰਨੀਚਰ ਆਦਿ ਖਰੀਦਣ 'ਤੇ।[4] ਛੋਟੀ ਕਿਸਾਨੀ ਨੇ ਇਨ੍ਹਾਂ ਖਰਚਿਆਂ ਦੀ ਪੂਰਤੀ ਕਰਜ਼ੇ ਰਾਹੀਂ ਕੀਤੀ ਤੇ ਉਸ ਕਰਜ਼ੇ ਨੂੰ ਮੋੜਨ ਲਈ ਹੋਰ ਕਰਜ਼ਾ ਤੇ ਫ਼ਿਰ ਹੋਰ ਕਰਜ਼ਾ ਤੇ ਇਸ ਪਾੜੇ ਨੂੰ ਭਰਨ ਲਈ ਗ਼ੈਰ-ਕਾਨੂੰਨੀ ਕੰਮਾਂ, ਢੰਗਾਂ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ। ਇਹ ਗ਼ੈਰ-ਕਾਨੂੰਨੀ ਰਾਹ ਤੇ ਢੰਗ-ਤਰੀਕੇ ਦੱਸਣ ਲਈ ਭ੍ਰਿਸ਼ਟ ਅਫ਼ਸਰਾਂ ਤੇ ਦਲਾਲਾਂ ਦੀ ਪੂਰੀ ਫ਼ੌਜ ਤਿਆਰ ਹੋ ਗਈ। 'ਕਾਰਗਿਲ' ਕਹਾਣੀ ਦਾ ਪਾਤਰ ਸਲੂਜਾ ਅਜਿਹਾ ਹੀ ਪਾਤਰ ਹੈ। ਛੋਟੀ ਕਿਸਾਨੀ ਸਲੂਜੇ ਵਰਗਿਆਂ ਦੇ ਦਿਖਾਏ ਸਬਜ਼ਬਾਗ਼ ਤੇ ਸ਼ਬਦ ਜਾਲ ਵਿਚ ਇਸ ਤਰ੍ਹਾਂ ਉਲਝਦੀ ਹੈ ਕਿ ਉਸਦੀ ਪੂਰੀ ਜ਼ਿੰਦਗ਼ੀ ਹੀ ਉਲਝ ਕੇ ਰਹਿ ਜਾਂਦੀ ਹੈ ਤੇ ਇਸ ਗੁੰਝਲ ਦਾ ਕੋਈ ਸਿਰਾ ਵੀ ਹੱਥ ਨਹੀਂ ਆਉਂਦਾ। ਕਹਾਣੀ ਵਿਚ ਸਲੂਜਾ ਰਣਬੀਰ ਦਾ ਧਰਮ ਭਰਾ ਹੈ ਪਰ ਉਸਦੇ ਧਰਮ ਦੀ ਪ੍ਰਬਿੱਧਤਾ ਰਣਬੀਰ ਨਾਲ ਨਹੀਂ, ਸਗੋਂ ਰਣਬੀਰ ਨੂੰ ਇਸ ਸਥਿਤੀ ਵਿਚ ਪੁਚਾਉਣ ਵਾਲੀਆਂ ਧਿਰਾਂ ਨਾਲ ਜੁੜੀ ਹੋਈ ਹੈ ਤੇ ਰਣਬੀਰ ਨੂੰ ਇੱਥੋਂ ਤੱਕ ਪੁਚਾਉਣ ਦਾ ਕਾਰਣ ਵੀ ਸਲੂਜੇ ਦਾ 'ਮਿੱਠਾ ਸੁਭਾਅ' ਹੀ ਬਣਦਾ ਹੈ। ਉਹ ਰਣਬੀਰ ਵਰਗੇ ਕੌੜੇ ਵਿਅਕਤੀ ਨੂੰ ਕੀਲ ਕੇ ਆਪਣੀ ਪਟਾਰੀ ਵਿਚ ਪਾ ਲੈਣ ਦੀ ਸਮਰਥਾ ਵੀ ਰਖਦਾ ਹੈ। ਇਹ ਮਿੱਠਾ ਸੁਭਾਅ ਹੀ ਅਸਲ ਵਿਚ ਮੰਡੀ ਦਾ ਸੁਭਾਅ ਹੈ ਜੋ ਉਪਰੋਂ ਮਿੱਠਾ, ਪਰ ਇਸਦੀ ਮਾਰ ਜ਼ਹਿਰ ਨਾਲੋਂ ਵੀ ਘਾਤਕ ਹੈ। ਕਹਾਣੀਕਾਰ ਆਤਮ-ਹੱਤਿਆ

ਦੇ ਕਾਰਣਾਂ ਵਿਚ ਸਲੂਜੇ ਦੇ ਸੁਭਾਅ ਤੇ ਕਿਰਦਾਰ ਨੂੰ ਵੀ ਸ਼ਾਮਲ ਕਰ ਲੈਂਦਾ ਹੈ। ਕਹਾਣੀਕਾਰ ਅਜਿਹੇ ਵੇਰਵੇ ਕਹਾਣੀ ਵਿਚੋਂ ਵਾਰ-ਵਾਰ ਉਭਾਰਦਾ ਹੈ, ਜਿਨ੍ਹਾਂ ਕਰਕੇ ਰਣਬੀਰ ਸਲੂਜੇ ਦੇ ਮੱਕੜ-ਜਾਲ ਵਿਚ ਲਗਾਤਾਰ ਫਸਦਾ ਜਾਂਦਾ ਹੈ। "ਓ ਭੋਲੇ ਪਾਤਸ਼ਾਹੋ ਜਦੋਂ ਸਲੂਜਾ ਵਿਚ ਐ ਤਾਂ ਜ਼ਮੀਨ ਮੋਇਆਂ ਨੇ ਜਾ ਕੇ ਵੇਖਣੀ ਐਂ? ਅਫ਼ਸਰਾਂ ਦਾ ਹਿੱਸਾ ਪੱਤੀ ਖਰਾ ਤੇ ਆਪਣਾ ਲੋਨ ਖਰਾ। ਆਪਣੇ ਕੋਲ ਬੜੇ ਜਾਦੂ ਐ ਮੇਰੇ ਵੀਰ। ਆਪਾਂ ਤਾਂ ਦਿੱਲੀ ਦਾ ਲਾਲ ਕਿਲਾ ਤੇਰੇ ਨਾਂ ਕਰਵਾ ਦੇਈਏ ਵੱਡੇ ਭਾਈ।"[5]

ਇਹ ਉਹ ਸਾਰੇ ਕਾਰਣ ਤੇ ਕਾਰਕ ਹਨ ਜਿਹੜੇ ਕਿਸਾਨੀ ਵਿਚ ਆਤਮ-ਹੱਤਿਆ ਲਈ ਜ਼ਿੰਮੇਵਾਰ ਹਨ। ਬਲਦੇਵ ਸਿੰਘ ਧਾਲੀਵਾਲ ਇਸ ਦੁਖਾਂਤ ਨੂੰ ਵਿਅਕਤੀ ਤੋਂ ਸਮੂਹ ਵਿਚ ਪਰਿਵਰਤਿਤ ਕਰ ਦੇਂਦਾ ਹੈ। ਇਹ ਪ੍ਰਗਤੀਵਾਦੀ ਕਹਾਣੀ ਦਾ ਦ੍ਰਿਸ਼ਟੀਗਤ ਪੈਟਰਨ ਹੈ। ਲੇਖਕ ਉਸ ਪ੍ਰਬੰਧ ਵਲ ਇਸ਼ਾਰਾ ਕਰਦਾ ਹੈ ਜੋ ਅਜਿਹਾ ਵਾਪਰਣ ਲਈ ਜ਼ਿੰਮੇਵਾਰ ਹੈ। ਇਸੇ ਲਈ ਇਹ ਵਰਤਾਰਾਗਤ ਦ੍ਰਿਸ਼ਟੀ ਹੈ। ਉਹ ਕਹਾਣੀ ਵਿਚਲੇ ਬਿਰਤਾਂਤ ਨੂੰ ਅਖੀਰ ਵਿਚ ਇਸੇ ਦਿਸ਼ਾ ਵਲ ਮੋੜਦਾ ਹੈ। "ਰਣਬੀਰ ਹੋਰਾਂ ਦੀ ਚਿਖਾ ਦੀ ਅੱਗ ਸਭ ਕੁਝ ਭਸਮ ਕਰਨ ਤੋਂ ਬਾਅਦ ਪੂਰੇ ਜੋਬਨ 'ਤੇ ਕਿਸੇ ਦੈਂਤ ਦੀ ਜੀਭ ਵਾਂਗ ਸੰਧੂਰੀ ਲਪਟਾਂ ਛੱਡਦੀ ਦਹਿਕ ਰਹੀ ਸੀ। ਕਪਾਲ ਕਿਰਿਆ ਲਈ ਦੋ ਬੰਦਿਆਂ ਨੂੰ ਛੱਡਕੇ ਸਭ ਪਿੰਡ ਵੱਲ ਤੁਰ ਪਏ। ਸਿਰ 'ਤੇ ਆਇਆ ਹਾੜ ਦਾ ਸੂਰਜ ਅੱਗ ਵਰ੍ਹਾ ਰਿਹਾ ਸੀ ਅਤੇ ਉਸੇ ਤਰ੍ਹਾਂ ਦਾ ਇਕ ਸਾੜਵਾਂ ਭੈਅ ਸਿਆਣੇ ਬੰਦਿਆਂ ਦੇ ਮੱਥੇ ਅੰਦਰ ਸੁਲਗ ਰਿਹਾ ਸੀ ਕਿ ਪਿੰਡ ਉੱਤੇ ਆਈ ਕਰੋਪੀ ਦਾ ਅਗਲਾ ਵਾਰ ਕਿਸ ਘਰ ਉੱਤੇ ਹੋਏਗਾ।[6] ਇਹ ਕਹਾਣੀ ਵਸਤੂ ਸਥਿਤੀ ਦੀ ਚੋਣ ਤੇ ਦ੍ਰਿਸ਼ਟੀਗਤ ਪੱਖ ਤੋਂ ਯਥਾਰਥਵਾਦੀ ਕੋਟੀ ਵਿਚ ਸ਼ੁਮਾਰ ਹੁੰਦੀ ਹੈ। ਸਮੁੱਚੀ ਕਹਾਣੀ ਵਿਚਲੀ ਬਣਤਰ ਵਿਚੋਂ ਸਰਕਾਰੀ ਤੰਤਰ ਤੇ ਨੀਤੀਆਂ ਪੂਰੀ ਤਰ੍ਹਾਂ ਮਨਫ਼ੀ ਹਨ ਤੇ ਸਮੁੱਚੇ ਦੁਖਾਂਤ ਨੂੰ ਵਿਅਕਤੀਗਤ ਕਮਜ਼ੋਰੀਆਂ ਜਾਂ ਅਕਾਂਖਿਆਵਾਂ ਤੱਕ ਘਟਾ ਦਿੱਤਾ ਗਿਆ ਹੈ। ਜਿਸ ਨਾਲ ਕਿਸਾਨੀ ਦੇ ਸੰਕਟ ਦੀਆਂ ਬਹੁਤ ਸਾਰੀਆਂ ਤੰਦਾਂ ਇਸ ਬਿਰਤਾਂਤ ਦਾ ਹਿੱਸਾ ਨਹੀਂ ਬਣ ਸਕੀਆਂ।

ਸਮਕਾਲ ਵਿਚ ਸਰਕਾਰੀ ਪ੍ਰਬੰਧ ਲੁਕਵੇਂ ਰੂਪ ਦੀ ਥਾਂ ਜ਼ਾਹਰਾ ਰੂਪ ਵਿਚ ਮੰਡੀ ਨਾਲ ਜੁੜੀਆਂ ਧਿਰਾਂ ਲਈ ਰਾਹ ਪੱਧਰਾ ਕਰਨ ਦੇ ਯਤਨਾਂ ਵਿਚ ਲੱਗਾ ਹੋਇਆ ਹੈ। ਆਤਮ-ਹੱਤਿਆ ਆਰਥਕ-ਸਮਾਜਕ ਸਥਿਤੀਆਂ ਦੇ ਨਾਲ-ਨਾਲ ਮਾਨਸਿਕ ਵਰਤਾਰਾ ਵੀ ਹੈ। ਰਣਬੀਰ ਪਹਿਲਾਂ ਹੀ ਆਰਥਕ ਤੌਰ 'ਤੇ ਟੁੱਟੀ ਹੋਈ ਕਿਸਾਨੀ ਨਾਲ ਸੰਬੰਧਿਤ ਹੈ। ਉਸਦੀ ਇੱਜ਼ਤ, ਮਾਨ-ਮਰਯਾਦਾ ਜਾਂ ਪ੍ਰਤਿਸ਼ਠਾ ਕਿਸੇ ਪਰਿਵਾਰਕ ਮਰਿਆਦਾ ਵਿਚੋਂ ਦਾਅ 'ਤੇ ਨਹੀਂ ਲੱਗਦੀ। ਪਤਾ ਨਹੀਂ ਉਹ ਕਿਸ ਦਬਾਅ ਅਧੀਨ ਆਪੇ ਦੀ ਥਾਂ ਸਮੁੱਚੇ ਪਰਿਵਾਰ ਦੀ ਅਜਿਹੀ ਹੋਣੀ ਚੁਣਨ ਦਾ ਫ਼ੈਸਲਾ ਕਰ ਲੈਂਦਾ ਹੈ। ਇਹ ਕਹਾਣੀ ਕਈ ਦ੍ਰਿਸ਼ਟੀਗਤ ਪਾਸਾਰਾਂ ਤੋਂ ਵਿਅਕਤੀਗਤ ਦੁਖਾਂਤ ਦਾ ਵਾਹਨ ਬਣਦੀ ਹੈ।

ਪੰਜਾਬ ਦੀ ਵਸਤੂ-ਸਥਿਤੀ ਵਿਚ ਕਰਜ਼ਾ ਦੇਣ ਵਾਲੀ ਇੱਕ ਵੱਡੀ ਧਿਰ ਪਰੰਪਰਾਗਤ ਸ਼ਾਹੂਕਾਰਾਂ ਦੀ ਹੈ। ਇਸ ਧਿਰ ਦੀ ਆਮਦਨੀ ਦਾ ਵਸੀਲਾ ਕਰਜ਼ੇ ਤੋਂ ਮਿਲਦਾ ਵਿਆਜ ਹੈ। ਉਸਦੇ ਕਰਜ਼ੇ ਦੀ ਜਾਮਨ ਕਿਸਾਨੀ ਦੀ ਜ਼ਮੀਨ ਹੈ। ਪੰਜਾਬ ਦਾ ਕਿਸਾਨ ਦੋਹਰੇ ਸ਼ੋਸ਼ਣ ਦਾ ਸ਼ਿਕਾਰ ਰਿਹਾ ਹੈ ; ਇਕ ਜਾਗੀਰਦਾਰਾਂ ਤੇ ਦੂਸਰੇ ਸ਼ਾਹੂਕਾਰਾਂ ਦਾ। ਮੁਗ਼ਲਕਾਲ ਤੋਂ ਲੈ ਕੇ ਆਧੁਨਿਕ ਸਮੇਂ ਤੱਕ ਤਕਰੀਬਨ ਇਹ ਪ੍ਰਬੰਧ ਚਲਦਾ ਰਿਹਾ ਹੈ। ਆਜ਼ਾਦੀ ਤੋਂ ਬਾਅਦ ਇਸ ਨੂੰ ਖ਼ਤਮ ਕਰਨ ਲਈ ਭੂਮੀ ਸੁਧਾਰ ਕੀਤੇ ਗਏ। 'ਹਰੇ ਇਨਕਲਾਬ' ਸਮੇਂ ਖੇਤੀ ਵਿਚ ਪੂੰਜੀਵਾਦੀ ਰਿਸ਼ਤਿਆਂ ਨੇ ਕਿਸਾਨੀ ਦੀ ਦਸ਼ਾ ਨੂੰ ਨਵਾਂ ਰੂਪ ਦੇ ਦਿੱਤਾ। ਪਰੰਪਰਾਗਤ ਸ਼ਾਹੂਕਾਰ ਦੀ ਥਾਂ ਆੜ੍ਹਤੀਏ ਨੇ ਲੈ ਲਈ। ਸਰਕਾਰ ਦੀਆਂ ਨਵੀਆਂ ਯੋਜਨਾਵਾਂ ਅਧੀਨ ਜਿਨਸ ਦੀ ਵਿਕਰੀ ਆੜ੍ਹਤੀਏ ਰਾਹੀਂ ਹੋਣ ਲੱਗ ਪਈ। ਕਿਸਾਨੀ ਕਰਜ਼ੇ ਲਈ ਉਸ 'ਤੇ ਨਿਰਭਰ ਹੋ ਗਈ ਤੇ ਕਿਸਾਨੀ ਦੀ ਲੁੱਟ ਕਰਨ ਵਾਲੀ ਇਹ ਨਵੀਂ ਧਿਰ ਸਾਹਮਣੇ ਆਈ। ਆਜ਼ਾਦੀ ਤੋਂ ਬਾਅਦ ਕਿਸਾਨੀ ਨੂੰ 'ਲੈਂਡ ਏਲੀਨੇਸ਼ਨ' ਵਰਗੇ ਕਾਨੂੰਨ ਦਾ ਸਹਾਰਾ ਵੀ ਨਾ ਰਿਹਾ। ਜਿਨਸ ਦੀ ਖ਼ਰੀਦ ਦਾ ਧੰਦਾ ਕਰਨ ਦੇ ਨਾਲ-ਨਾਲ ਆੜ੍ਹਤੀਏ ਨੇ ਖੇਤੀ ਨਾਲ ਜੁੜੀਆਂ ਵਸਤਾਂ ਦੀ ਵਿਕਰੀ ਵੀ ਸ਼ੁਰੂ ਕਰ ਦਿੱਤੀ। ਇਸ ਵਰਗ ਨੇ ਕਿਸਾਨੀ ਦੀ ਨਵੀਂ ਪੀੜ੍ਹੀ ਨਾਲ ਵਿਅਕਤੀਗਤ ਤੇ ਪੇਸ਼ਾਵਰ ਦੋਹਾਂ ਤਰ੍ਹਾਂ ਦੇ ਸੰਬੰਧ ਸਥਾਪਿਤ ਕਰ ਲਏ। ਆੜ੍ਹਤੀਏ ਦੇ ਸੁਖ-ਸਹੂਲਤਾਂ ਵਾਲੇ ਜੀਵਨ

ਨੇ ਕਿਸਾਨੀ ਵਿਚਲੇ ਮੱਧ-ਵਰਗ ਨੂੰ ਪ੍ਰਭਾਵਿਤ ਕੀਤਾ। ਇਸ ਵਰਗ ਨੇ ਵਿਅਕਤੀਗਤ ਸੰਬੰਧਾਂ ਰਾਹੀਂ ਕਿਸਾਨੀ ਨੂੰ ਆਰਥਕ ਪੱਧਰ ’ਤੇ ਕੰਗਾਲੀਕਰਣ ਵੱਲ ਧੱਕ ਦਿੱਤਾ। ਕਿਸਾਨੀ ਨੇ ਆਪਣੇ ਮਾਲਕ ਕਿਸਾਨੀ ਵਾਲੇ ਸਮਾਜਕ ਮਰਤਬੇ ਨੂੰ ਬਣਾਈ ਤੇ ਬਚਾਈ ਰੱਖਣ ਲਈ ਇਸ ਵਰਗ ਦੇ ਕਰਜ਼ੇ ਦੇ ਜਾਲ ਵਿਚ ਆਪਣੇ ਆਪ ਨੂੰ ਫਸਾ ਲਿਆ। ਇਸੇ ਬਿੰਬ ਨੂੰ ਬਚਾਉਣ ਲਈ ਕਿਸਾਨੀ ਆਤਮ-ਹੱਤਿਆਵਾਂ ਵੱਲ ਤੁਰਦੀ ਹੈ। ਇਹ ਸਮੁੱਚੀ ਵਸਤੂ-ਸਥਿਤੀ ਬਲਦੇਵ ਸਿੰਘ ਢੀਂਡਸਾ ਦੀ ਕਹਾਣੀ ‘ਚੱਕਰਵਿਊ’ ਵਿਚੋਂ ਉਭਰਦੀ ਹੈ। ਇਹ ਕਹਾਣੀ ਵਿਅਕਤੀਗਤ ਸੰਸਥਾਵਾਂ ਦੇ ਕਰਜ਼ੇ ਦੇ ਮੱਕੜਜਾਲ ਨੂੰ ਗਲਪੀ ਤਰਕ ਸਮੇਤ ਉਭਾਰਦੀ ਹੋਈ ਸਰਕਾਰ ਦੀਆਂ ਕਿਸਾਨੀ ਵਿਰੋਧੀ ਨੀਤੀਆਂ ਨੂੰ ਕਾਂਟੇ ਥੱਲੇ ਰੱਖਦੀ ਹੈ। ਇਹ ਕਹਾਣੀ ਕਿਸਾਨੀ ਦੀ ਸੁਖ-ਸਹੂਲਤਾਂ ਵਾਲਾ ਜੀਵਨ ਗੁਜ਼ਾਰਣ ਦੀ ਅਕਾਂਖਿਆ ਨੂੰ ਹੀ ਉਸਦੇ ਕਰਜ਼ਾਈ ਹੋਣ ਦਾ ਕਾਰਣ ਦੱਸਦੀ ਹੈ। ਕੁਲਤਾਰ ਕਿਸਾਨੀ ਤੇ ਮੱਖਣ ਆੜ੍ਹਤੀਆ ਧਿਰ ਦਾ ਪ੍ਰਤਿਨਿੱਧ ਹੈ। ਕੁਲਤਾਰ ਹੱਥੀਂ ਕਿਰਤ ਕਰਨ ਵਾਲੀ ਕਿਸਾਨੀ ਦੀ ਥਾਂ ਉਸ ਕਿਸਾਨੀ ਦਾ ਪ੍ਰਤਿਨਿਧ ਹੈ ਜੋ ਪ੍ਰਬੰਧਕ ਧਿਰ ਵਿਚ ਬਦਲ ਚੁੱਕੀ ਹੈ। ਇਸ ਧਿਰ ਨੇ ਜਿਹੜੀ ਜੀਵਨ-ਜਾਚ ਅਪਣਾਈ ਹੈ, ਉਹ ਪਰੰਪਰਾਗਤ ਕਿਸਾਨੀ ਦੀ ਜੀਵਨ-ਜਾਚ ਤੋਂ ਵੱਖਰੀ ਹੈ। ਇਸ ਵਿਚ ਉਸਦੀ ਐਸ਼ੋ-ਇਸ਼ਰਤ ਵਾਲੀਆਂ ਅਕਾਂਖਿਆਵਾਂ ਵੀ ਸ਼ਾਮਲ ਹਨ।

ਬਲਦੇਵ ਸਿੰਘ ਢੀਂਡਸਾ ਕਿਸਾਨੀ ਦੀ ਦੁਖਾਂਤਕ ਸਥਿਤੀ ਦੇ ਕਾਰਕਾਂ ਨੂੰ ਬਿਰਤਾਂਤਕ ਪੈਟਰਨ ਵਿਚ ਢਾਲਦਾ ਹੋਇਆ ਕੁਝ ਇਕ ਦੀ ਨਿਸ਼ਾਨਦੇਹੀ ਕਰਦਾ ਹੈ। ਇਨ੍ਹਾਂ ਕਾਰਕਾਂ ਵਿਚ ਜਿੱਥੇ ਸਰਕਾਰੀ ਮਸ਼ੀਨਰੀ ਤੇ ਆੜ੍ਹਤੀਏ ਸ਼ਾਮਲ ਹਨ ਉੱਥੇ ਕਿਸਾਨੀ ਦੀ ਜੀਵਨ-ਜਾਚ ਵੀ ਉਸਦੇ ਸੰਕਟਾਂ ਨੂੰ ਵਧਾਉਣ ਦੀ ਜ਼ਿੰਮੇਵਾਰ ਬਣਦੀ ਹੈ। ਮੱਖਣ ਵਰਗੇ ਦੋਸਤ ਸ਼ਾਹੂਕਾਰਾਂ ਦੇ ਪ੍ਰਭਾਵ ਥੱਲੇ ਕੁਲਤਾਰ ਖੇਤ ਵਿਚ ਲੱਗੀ ਮੋਟਰ ’ਤੇ ਚੁਬਾਰਾ ਬਣਾਉਂਦਾ ਹੈ, ਜੋ ਉਸਦੇ ਵਿਆਹ-ਬਾਹਰੇ ਸੰਬੰਧਾਂ ਦੀ ਠਾਹਰ ਵੀ ਬਣਦਾ ਹੈ। ਇਸ ਚੁਬਾਰੇ ਵਿਚ ਉਹ ਐਸ਼ੋ-ਇਸ਼ਰਤ ਦੀਆਂ ਵਸਤਾਂ ਵੀ ਇਕੱਠੀਆਂ ਕਰਦਾ ਹੈ, “ਦੇਖੋ ਕੁਲਤਾਰ ਜੀ ਮੇਰੇ ਅਗਲੇ ਗੇੜੇ ਤੋਂ ਪਹਿਲਾਂ ਇੱਥੇ ਇਕ ਫਰਿੱਜ ਹੋਣੀ ਚਾਹੀਦੀ

ਏ। ਭਾਵੇਂ ਛੋਟੀ ਹੀ ਹੋਵੇ।... ਪੱਖੇ ਦੀ ਥਾਂ ਛੋਟਾ ਜਿਹਾ ਕੂਲਰ ਹੋ ਜਾਵੇ। ਮਜ਼ਾ ਆ ਜਾਏਗਾ।"[7] ਅਜਿਹੀ ਜੀਵਨ-ਜਾਚ ਤੇ ਵਸਤਾਂ 'ਤੇ ਖ਼ਰਚ ਕਿਸਾਨੀ ਲਈ ਸੰਕਟ ਦਾ ਕਾਰਣ ਬਣਦੇ ਹਨ ਅਤੇ ਇਹ ਹੱਥੀਂ ਕਿਰਤ ਕਰਨ ਵਾਲੀ ਕਿਸਾਨੀ ਦੀ ਥਾਂ ਮੈਨੇਜਰ ਬਣੀ ਕਿਸਾਨੀ ਦੀ ਜੀਵਨ-ਜਾਚ ਦਾ ਹਿੱਸਾ ਬਣ ਰਹੇ ਹਨ। ਇਹ ਪੀੜ੍ਹੀ ਹੱਥੀਂ ਕਿਰਤ ਵਾਲੀ ਖੇਤੀ ਨੂੰ ਭਈਆਂ ਵਾਲਾ ਕੰਮ ਸਮਝਦੀ ਹੈ। ਇਹ ਕਿਰਤ ਨਾਲੋਂ ਵਿਛੁੰਨੀ ਮਾਨਸਿਕਤਾ ਕਿਸਾਨੀ ਨੂੰ ਪਤਨ ਗ੍ਰਸਤ ਅਵਸਥਾ ਵਿਚ ਪੁਚਾਉਣ ਦਾ ਕਾਰਣ ਬਣਦੀ ਹੈ। ਇਨ੍ਹਾਂ ਵਧੇ ਹੋਏ ਖ਼ਰਚਿਆਂ ਦੀ ਪੂਰਤੀ ਲਈ ਇਹ ਵਰਗ ਆਮਦਨ ਵਿਚ ਵਾਧਾ ਕਰਨ ਲਈ ਛੋਟੇ ਕਿਸਾਨਾਂ ਦੀਆਂ ਜ਼ਮੀਨਾਂ ਠੇਕੇ ਉੱਪਰ ਲੈਂਦਾ ਹੈ, ਪਰ ਖੇਤੀ ਲਾਗਤ ਮੁੱਲ ਵੱਧ ਅਤੇ ਪੈਦਾਵਾਰ ਦੀਆਂ ਕੀਮਤਾਂ ਮੁਕਾਬਲਤਨ ਘੱਟ ਹੋਣ ਕਰਕੇ ਉਸਦੇ ਇਹ ਯਤਨ ਵੀ ਸਫ਼ਲ ਨਹੀਂ ਹੁੰਦੇ। ਵੈਸੇ ਵੀ ਵਿਕਾਸਸ਼ੀਲ ਦੇਸ਼ਾਂ ਵਿਚ ਖੇਤੀ ਨੂੰ ਸਨਅਤ ਦੇ ਬਰਾਬਰ ਦੀਆਂ ਸਹੂਲਤਾਂ ਨਾ ਹੋਣ ਕਰਕੇ ਇਨ੍ਹਾਂ ਦੇਸ਼ਾਂ ਵਿਚ ਖੇਤੀ ਘਾਟੇ ਦਾ ਸੌਦਾ ਹੈ। ਕੁਦਰਤੀ ਆਫ਼ਤਾਂ ਤੇ ਮੰਡੀਕਰਣ ਦੀਆਂ ਸਮੱਸਿਆਵਾਂ ਨੇ ਇਸ ਸੰਕਟ ਨੂੰ ਹੋਰ ਵਧਾਇਆ ਹੈ, "ਅਖੇ ਸਰਕਾਰ ਕਿਸਾਨ ਪੱਖੀ ਏ। ਬਿਜਲੀ-ਪਾਣੀ ਮੁਫ਼ਤ। ਧਗੜਿਓ ਕੌਣ ਮੰਗਦਾ ਮੁਫ਼ਤ। ਦੇਵੋ ਤਾਂ ਸਹੀ। ਸਭ ਇਕ ਦੂਜੇ ਦੇ ਸਾਲੇ ਨੇ . . . ਪਖੰਡੀ। . . . ਉੱਲੂ ਬਣਾਉਂਦੇ ਆ ਸਾਨੂੰ। ਸਟੇਜਾਂ ਤੇ ਚੜ੍ਹਕੇ ਟਰਰ-ਟਰਰ ਕਰਨ ਜੋਗੇ ਨੇ।[8] ਕਹਾਣੀ ਦੇ ਬਿਰਤਾਂਤਕ ਪੈਟਰਨ ਵਿਚ ਇਹ ਅਜਿਹੇ ਕਾਰਕ ਹਨ ਜਿਹੜੇ ਕਹਾਣੀ ਵਿਚਲੇ ਸੰਕਟ ਨੂੰ ਗਹਿਰਾ ਕਰਦੇ ਹਨ। ਇਹ ਸਾਰੇ ਕਾਰਕ ਕਹਾਣੀ ਵਿਚ ਵਿਡੰਬਨਾਤਮਕ ਸਥਿਤੀ ਪੈਦਾ ਕਰਦੇ ਹਨ।

ਇਹ ਕਹਾਣੀ ਉੱਤਮ ਪੁਰਖੀ ਬਿਰਤਾਂਤ ਵਿਧੀ ਵਿਚ ਕਿਰਿਆਸ਼ੀਲ ਹੁੰਦੀ ਹੈ। ਕਹਾਣੀ ਕੁਲਤਾਰ ਦੇ ਮਨ ਵਿਚ ਚਲਦੀ ਹੈ। ਕਹਾਣੀ ਵਿਚਲਾ ਸੰਕਟ ਆਪਣੇ ਬਿਰਤਾਂਤਕ ਕਾਰਕਾਂ ਕਰਕੇ ਸੰਘਣਾ ਹੁੰਦਾ ਜਾਂਦਾ ਹੈ। ਇਸ ਵਿਡੰਬਨਾਤਮਕ ਸਥਿਤੀ ਵਿਚਲਾ ਰਹੱਸ ਉਸ ਸਮੇਂ ਖੁੱਲ੍ਹਦਾ ਹੈ ਜਦੋਂ ਮੱਖਣ ਸਿੰਘ ਕਰਜ਼ੇ ਦਾ ਹਿਸਾਬ ਕਰਕੇ ਜ਼ਮੀਨ ਵਿਕਣ ਵੱਲ ਇਸ਼ਾਰਾ ਕਰਦਾ ਹੈ। ਕਿਸਾਨੀ ਸਮਾਜ ਵਿਚ

ਜ਼ਮੀਨ ਦੀ ਮਾਲਕੀ ਸਿਰਫ਼ ਆਰਥਕ ਸੁਰੱਖਿਆ ਦਾ ਹੀ ਵਸੀਲਾ ਨਹੀਂ, ਸਗੋਂ ਇਸ ਨਾਲ ਸਮਾਜਕ ਪ੍ਰਤਿਸ਼ਠਾ ਵੀ ਜੁੜੀ ਹੋਈ ਹੈ। ਇਹ ਮਾਨਸਿਕਤਾ ਹੀ ਕਹਾਣੀ ਵਿਚ ਸੰਕਟ ਦਾ ਕਾਰਣ ਬਣਦੀ ਹੈ। ਆਰਥਕ ਵਸੀਲਾ ਖੁੱਸ ਜਾਣ ਨਾਲ ਆਰਥਕ ਸੰਕਟ ਤਾਂ ਡੂੰਘਾ ਹੁੰਦਾ ਹੀ ਹੈ ਨਾਲ ਜੀਵਨ ਨਿਰਬਾਹ ਦੇ ਵਸੀਲੇ ਵੀ ਖੁੱਸ ਜਾਂਦੇ ਹਨ. ਕੁਲਤਾਰ ਸਿਰ ਵਿਆਜ ਸਮੇਤ ਕਰਜਾ ਇਤਨਾ ਜ਼ਿਆਦਾ ਵਧ ਜਾਂਦਾ ਹੈ ਕਿ ਉਸ ਲਈ ਜ਼ਮੀਨ ਵੇਚਣ ਤੋਂ ਬਿਨਾਂ ਹੋਰ ਕੋਈ ਚਾਰਾ ਨਹੀਂ ਰਹਿ ਜਾਂਦਾ। ਕਹਾਣੀਕਾਰ ਕਹਾਣੀ ਦੇ ਬਿਰਤਾਂਤ ਵਿਚ ਕਰਜ਼ੇ ਦਾ ਸਮੁੱਚਾ ਵੇਰਵਾ ਦਰਜ ਕਰਦਾ ਹੈ। ਇਹ ਵੇਰਵਾ ਕਹਾਣੀ ਵਿਚਲੇ ਬਿਰਤਾਂਤ ਨੂੰ ਫ਼ੈਲਾਉਂਦਾ ਹੈ। ਜਦੋਂ ਜ਼ਮੀਨ ਵੇਚਣ ਦੀ ਸਥਿਤੀ ਸਾਹਮਣੇ ਆਉਂਦੀ ਹੈ ਤਾਂ ਜ਼ਮੀਨ ਖ਼ਰੀਦਣ ਵਾਲਾ ਵੀ ਮੱਖਣ ਹੈ, ਜੋ ਘੱਟ ਤੋਂ ਘੱਟ ਰੇਟ 'ਤੇ ਜ਼ਮੀਨ ਖ਼ਰੀਦਣ ਦੀ ਕੋਸ਼ਿਸ਼ ਵਿਚ ਹੈ, "ਰੇਟ ਤਾਂ ਜਿੰਦਰ ਹੁਰੀਂ ਵੱਧ ਲਾ ਸਕਦੇ ਹਨ, ਉਹਨਾਂ ਨੂੰ ਤਾਂ ਮਰਲਾ ਵੀ ਨਾ ਦੇਵਾਂ। ਤਿੰਨ ਪੀੜ੍ਹੀਆਂ ਤੋਂ ਦੁਸ਼ਮਣੀ ਚਲੀ ਆਉਂਦੀ ਐ। ਦੁਸ਼ਮਣ ਦੀ ਲੱਤ ਥੱਲੇ ਦੀ ਲੰਘਣ ਨਾਲੋਂ ਮੌਤ ਚੰਗੀ ਏ ਮੌਤ।"[9] ਇਹ ਕਹਾਣੀ ਉੱਤਮ-ਪੁਰਖੀ ਬਿਰਤਾਂਤ ਵਿਧੀ ਵਿਚ ਢਲੀ ਹੋਣ ਕਰਕੇ ਸੰਭਾਵੀ ਆਤਮ-ਹੱਤਿਆ ਵੱਲ ਇਸ਼ਾਰਾ ਕਰਦੀ ਹੈ। 'ਕਾਰਗਿਲ' ਕਹਾਣੀ ਵਿਚ ਦੁਖਾਂਤ ਵਾਪਰ ਜਾਂਦਾ ਹੈ, ਇੱਥੇ ਦੁਖਾਂਤ ਵਾਪਰਣ ਦੀਆਂ ਸੰਭਾਵਨਾਵਾਂ ਦੇ ਇਸ਼ਾਰੇ ਨਾਲ ਕਹਾਣੀ ਖ਼ਤਮ ਹੁੰਦੀ ਹੈ।

ਕਿਸਾਨੀ ਦੀਆਂ ਆਤਮ-ਹੱਤਿਆਵਾਂ ਨਾਲ ਜੁੜਿਆ ਮਸਲਾ ਕਿਤੇ ਕੇਂਦਰੀ ਅਤੇ ਕਿਤੇ ਸਹਾਇਕ ਬਿਰਤਾਂਤ ਬਣ ਕੇ ਪੇਸ਼ ਹੋ ਰਿਹਾ ਹੈ। ਕਰਜ਼ੇ ਦੀ ਸਮੱਸਿਆ ਅਸਲ ਵਿਚ ਜੀਵਨ ਦੀਆਂ ਸੁੱਖ-ਸਹੂਲਤਾਂ ਨੂੰ ਮਾਨਣ ਵਿਚੋਂ ਹੀ ਆਪਣੀ ਹੋਂਦ ਗ੍ਰਹਿਣ ਕਰਦੀ ਹੈ। ਵਿਕਾਸ ਲਈ ਸਾਧਨਾਂ ਦੀ ਕਮੀ ਨੇ ਕਿਸਾਨੀ ਨੂੰ ਕਰਜ਼ੇ ਦੇ ਰਾਹ ਤੋਰਿਆ ਹੈ। ਪੰਜਾਬ ਦੀ ਕਿਸਾਨੀ ਵਿਚੋਂ ਪੈਦਾ ਹੋਇਆ ਮੱਧ-ਵਰਗ ਗਲੈਮਰ ਤੋਂ ਇਲਾਵਾ ਆਪਣਾ ਸਮਾਜਕ ਰੁਤਬਾ ਬਣਾਈ ਰੱਖਣ ਲਈ ਜਿਹੜੇ ਸਾਧਨ ਪ੍ਰਾਪਤ ਕਰਨਾ ਚਾਹੁੰਦਾ ਹੈ ਉਨ੍ਹਾਂ ਦੀ ਪ੍ਰਾਪਤੀ ਖੇਤੀ ਦੇ ਖੇਤਰ ਵਿਚੋਂ ਹੋ ਸਕਣੀ ਸੰਭਵ ਨਹੀਂ। ਅਜਮੇਰ ਸਿੱਧੂ ਕਹਾਣੀ 'ਜਹਾਜ਼ ਵਾਲੀ ਟੈਂਕੀ' ਵਿਚ ਆਰਥਕ ਮੁਕਤੀ ਲਈ ਜਿਸ ਸੰਕਟ ਨੂੰ ਕੇਂਦਰ ਵਿਚ

ਰੱਖਦਾ ਹੈ, ਉਹ ਸੰਕਟ ਵੀ ਕਿਸਾਨੀ ਨੂੰ ਆਤਮ-ਹੱਤਿਆ ਵਾਲੇ ਪਾਸੇ ਤੋਰਦਾ ਹੈ। ਇਸ ਕਹਾਣੀ ਦਾ ਕੇਂਦਰੀ ਪਾਤਰ ਆਰਥਕ ਸੰਕਟ ਤੋਂ ਮੁਕਤ ਹੋਣ ਲਈ ਪਰਵਾਸ ਧਾਰਨ ਕਰਨ ਲਈ ਸੰਘਰਸ਼ ਕਰਦਾ ਹੈ ਤੇ ਨਾਕਾਮ ਰਹਿੰਦਾ ਹੈ। ਉਸ ਸਾਹਮਣੇ ਆਤਮ-ਹੱਤਿਆ ਰਾਹੀਂ ਦੁੱਖ ਤੋਂ ਛੁਟਕਾਰਾ ਪਾਉਣ ਲਈ ਪਿੰਡ ਦੇ ਮੂਰਤਾ ਸਿੰਘ ਦੀ ਮਿਸਾਲ ਹੈ। ਇਹ ਮੁਕਤੀ ਦਾ ਮਾਰਗ ਭਾਵੇਂ ਸਮੁੱਚੇ ਪੰਜਾਬ ਦੀ ਕਿਸਾਨੀ ਸਾਹਮਣੇ ਹੈ, ਪਰ ਦੁਆਬਾ ਇਸਦਾ ਮੁੱਖ ਕੇਂਦਰ ਹੈ। ਇਸ ਕਹਾਣੀ ਦਾ ਘਟਨਾ-ਸਥਲ ਵੀ ਦੁਆਬਾ ਹੀ ਹੈ। ਇਹ ਕਹਾਣੀ ਵੀ ਉੱਤਮ-ਪੁਰਖੀ ਬਿਰਤਾਂਤ ਵਿਧੀ ਰਾਹੀਂ ਗਤੀਸ਼ੀਲ ਹੁੰਦੀ ਹੈ। ਆਪਣੇ ਉਦੇਸ਼ ਵਿਚ ਅਸਫ਼ਲ ਹੋਣ 'ਤੇ ਕਹਾਣੀ ਦਾ ਕੇਂਦਰੀ ਪਾਤਰ ਮੂਰਤਾ ਸਿੰਘ ਬਾਰੇ ਸੋਚਦਾ ਹੈ, "ਮੂਰਤਾ ਸੁੰਹ ਤਾਂ ਪਿੰਡ ਵਿਚ ਪੜ੍ਹਿਆ-ਲਿਖਿਆ ਵੀ ਸਾਰਿਆਂ ਤੋਂ ਜ਼ਿਆਦਾ ਸੀ। ਖੇਤੀ ਮਾਹਰ ਸੀ. . . ਸਫ਼ਲ ਕਿਸਾਨ। ਚਾਹੇ ਖੇਤੀ ਦੇ ਸੰਦ ਲੈਣੇ ਹੋਣ, ਚਾਹੇ ਕੋਠੀ ਬਣੌਣੀ ਹੋਵੇ ਤੇ ਚਾਹੇ ਬੱਚਿਆਂ ਨੂੰ ਕਾਨਵੈਂਟ ਸਕੂਲ ਵਿਚ ਪੜ੍ਹੌਣਾ ਹੋਵੇ, ਇਲਾਕੇ ਵਿਚ ਉਹ ਮੋਹਰੀ ਬਣਿਆ। ਪਤਾ ਨਹੀਂ ਕਿਹੜੀ-ਕਿਹੜੀ ਬੈਂਕ ਤੋਂ ਲੋਨ ਲਿਆ ਹੋਣਾ। ਸਰਕਾਰੇ-ਦਰਬਾਰੇ, ਬੀਜਾਂ ਦੀਆਂ ਕੰਪਨੀਆਂ. . . ਸਭ ਨਾਲ ਓਹਦਾ ਮੇਲ-ਜੋਲ ਸੀ। ਬੱਸ ਕੁਰਕੀ ਦੇ ਵਰੰਟ ਆਏ ਸੀ। ਸਾਰੇ ਟੱਬਰ ਨੂੰ ਸਲਫਾਸ ਦੇ ਦਿੱਤਾ। ਇਕ ਉਹਦੀ ਮਾਂ ਬਚੀ ਸੀ। ਗਲੀਆਂ ਵਿਚ ਤੁਰੀ ਫਿਰਦੀ ਆ। ਇੱਟਾਂ-ਰੋੜੇ ਉਹਦੇ ਹੱਥ ਵਿਚ ਹੁੰਦੇ ਆ।"[10] ਇਹ ਰੁਝਾਨ ਹੁਣ ਦੀ ਪੰਜਾਬ ਦੀ ਕਿਸਾਨੀ ਦੀ ਮਾਨਸਿਕਤਾ ਦਾ ਹਿੱਸਾ ਬਣ ਚੁੱਕਿਆ ਹੈ। ਇਸ ਲਈ ਗ਼ਰੀਬੀ ਅਤੇ ਇਮਾਨਦਾਰੀ 'ਭਾਣਾ ਮੰਨਣ' ਦੀ ਮਾਨਸਿਕਤਾ ਨਹੀਂ, ਸਗੋਂ ਮੌਤ ਸੌਖਾ ਤੇ ਮੁਕਤੀ ਦਾ ਰਾਹ ਲੱਗਦਾ ਹੈ। ਅਜਮੇਰ ਸਿੱਧੂ ਇਸ ਕਹਾਣੀ ਰਾਹੀਂ ਕਿਸਾਨੀ ਵਿਚ ਪੈਦਾ ਹੋ ਰਹੀ ਇਸ ਮਾਨਸਿਕਤਾ ਨੂੰ ਆਪਣੇ ਬਿਰਤਾਂਤ ਦਾ ਹਿੱਸਾ ਬਣਾਉਂਦਾ ਹੈ। ਇਹ ਕਹਾਣੀਕਾਰ ਦੀ ਕਲਾਤਮਕ ਅਤੇ ਦ੍ਰਿਸ਼ਟੀਗਤ ਵਿਧੀ ਹੈ। ਉਹ ਕਹਾਣੀ ਦੇ ਅੰਤ ਵਿਚ ਇਸ ਸਮੱਸਿਆ ਨੂੰ ਸੰਕੇਤਕ ਗੋਲਾਈ ਦੇਂਦਾ ਹੈ, "ਮੇਰੇ ਸਾਹਮਣੇ ਸਰਦਾਰਨੀ ਬਖਸ਼ਿੰਦਰ ਕੌਰ ਖੜ੍ਹੀ ਆ। ਇਹਦੇ ਇਕ ਪਾਸੇ ਸੁਖਮਣੀ ਆ ਤੇ ਦੂਜੇ ਪਾਸੇ ਪੁਨੀਤ। ਤੇ ਮੇਰੇ ਇਕ ਹੱਥ ਬੋਤਲ ਏ ਤੇ ਦੂਜੇ ਹੱਥ

ਵਿਚ ਸ - ਲ।... ਮੈਂ ਡੋਲਦੇ ਕਦਮਾਂ ਨਾਲ ਲੇਰ ਮਾਰਕੇ ਅੰਦਰ ਆ ਵੜਿਆ ਹਾਂ। ਫੜਾਕ ਦੇਣੀ ਦਰਵਾਜ਼ਾ ਬੰਦ ਕਰਕੇ ਅੰਦਰੋਂ ਕੁੰਡੀ ਮਾਰ ਲਈ ਆ। ਬਾਹਰ ਚੀਕ-ਚਿਹਾੜਾ ਪੈ ਗਿਆ ਏ।''[11]

ਇਹ ਉਹ ਹੋਣੀ ਹੈ, ਪੰਜਾਬ ਦੇ ਕਿਸਾਨ ਦੀ, ਜਿਹੜੀ ਪੰਜਾਬੀ ਕਹਾਣੀ ਦੀ ਇਕ ਮਹੱਤਵਪੂਰਨ ਧੁਨੀ ਬਣ ਕੇ ਉਭਰ ਰਹੀ ਹੈ। ਅਜਮੇਰ ਸਿੱਧੂ ਪ੍ਰਗਤੀਵਾਦੀ ਦ੍ਰਿਸ਼ਟੀਕੋਣ ਨੂੰ ਇਸ ਕਹਾਣੀ ਦਾ ਦ੍ਰਿਸ਼ਟੀਗਤ ਪਾਸਾਰ ਬਣਾ ਕੇ ਪੇਸ਼ ਕਰਦਾ ਹੈ। ਪ੍ਰਗਤੀਵਾਦੀ ਲੇਖਕਾਂ ਤੇ ਚਿੰਤਕਾਂ ਨੇ ਇਸ ਸਥਿਤੀ ਨੂੰ ਸਾਮਰਾਜੀ ਵਿਕਾਸ ਮਾਡਲ ਦਾ ਹਿੱਸਾ ਬਣਾ ਕੇ ਪੇਸ਼ ਕੀਤਾ ਹੈ। ਇਹ ਵਿਕਾਸ ਮਾਡਲ ਵਿਕਸਿਤ ਦੇਸ਼ਾਂ ਵਿਚ ਵੀ ਹੈ। ਪਰੰਤੂ ਵਿਕਾਸਸ਼ੀਲ ਦੇਸ਼ਾਂ ਵਿਚ ਇਸਦੀ ਸਥਿਤੀ ਵੱਖਰੀ ਹੈ। ਇੱਥੋਂ ਦੀ ਸਰਮਾਏਦਾਰੀ ਵਿਚ ਫ਼ਾਇਦਾ ਕਮਾਉਣ ਦੀ ਅੰਨ੍ਹੀ ਲਾਲਸਾ ਨੇ ਖੇਤੀ ਸੈਕਟਰ ਨੂੰ ਸੰਕਟ ਵਿਚ ਪਾ ਦਿੱਤਾ ਹੈ। ਲੇਖਕ ਸਾਮਰਾਜ ਦੁਆਰਾ ਫੈਲਾਏ ਜਾ ਰਹੇ ਖ਼ਪਤ ਸਭਿਆਚਾਰ ਨੂੰ ਵੀ ਕਾਟੇ ਥੱਲੇ ਰੱਖਦਾ ਹੈ। ''ਆ ਜਿਹੜੇ ਟੀ. ਵੀ. ਘਰਾਂ 'ਚ ਰੱਖੇ ਆ, ਨਵੀਆਂ-ਨਵੀਆਂ ਚੀਜ਼ਾਂ ਖ਼ਰੀਦਣ ਲਈ ਉਕਸਾਉਂਦੇ ਆ। . . . ਖੇਤੀ ਦੇ ਸਾਮਰਾਜੀ ਮਾਡਲ ਨੇ ਕਈ ਮੂਰਤਾ ਸਿੰਘ ਵਰਗੇ ਖਾ ਲਏ।''[12] ਇਸ ਤਰ੍ਹਾਂ ਇਹ ਕਹਾਣੀ ਇਕ ਨਿਸ਼ਚਿਤ ਦ੍ਰਿਸ਼ਟੀਗਤ ਪਾਸਾਰ ਸਮੇਤ ਕਿਸਾਨੀ ਦੀਆਂ ਆਤਮ-ਹੱਤਿਆਵਾਂ ਦਾ ਬਿਰਤਾਂਤ ਸਿਰਜਦੀ ਹੈ।

ਪੰਜਾਬੀ ਕਹਾਣੀ ਦੀ ਇਕ ਹੋਰ ਪ੍ਰਮੁੱਖ ਪਰਤ ਕਿਸਾਨੀ ਦੇ ਕੰਗਾਲੀਕਰਣ ਦੀ ਹੈ। ਇਸ ਵਰਤਾਰੇ ਦੇ ਭਿਆਨਕ ਸਿੱਟੇ 'ਹਰੇ ਇਨਕਲਾਬ' ਦੌਰਾਨ ਉਭਰਨੇ ਸ਼ੁਰੂ ਹੋਏ। 'ਹਰੇ ਇਨਕਲਾਬ' ਤੋਂ ਪਹਿਲਾਂ ਖੇਤੀ ਕਿਰਤ ਅਤੇ ਪਰੰਪਰਾਗਤ ਸੰਦਾਂ 'ਤੇ ਆਧਾਰਿਤ ਸੀ। ਉਸ ਪਰੰਪਰਾਗਤ ਖੇਤੀ ਦਾ ਆਧਾਰ ਪੂੰਜੀ ਦੀ ਥਾਂ ਕਿਰਤ ਸੀ। 'ਹਰੇ ਇਨਕਲਾਬ' ਨੇ ਇਸ ਭਾਂਤ ਦੀ ਖੇਤੀ ਦਾ ਅੰਤ ਕਰਕੇ ਜ਼ਮੀਨ ਦੇ ਕੁਝ ਹੱਥਾਂ ਵਿਚ ਇੱਕਠੇ ਹੋਣ ਦਾ ਅਮਲ ਸ਼ੁਰੂ ਕੀਤਾ। ਸਾਧਨਾਂ ਦੀ ਅਣਹੋਂਦ ਕਰਕੇ ਛੋਟੀ ਕਿਸਾਨੀ ਖੇਤੀ ਵਿਚੋਂ ਬਾਹਰ ਹੋਣੀ ਸ਼ੁਰੂ ਹੋ ਗਈ ਤੇ ਉਸਦੀ ਜ਼ਮੀਨ ਧਨੀ ਕਿਸਾਨੀ ਦੀ ਮਲਕੀਅਤ ਬਣਨ ਲੱਗੀ। ਛੋਟੀ ਕਿਸਾਨੀ ਬੇ-ਜ਼ਮੀਨ ਵਰਗ ਵਿਚ ਤਬਦੀਲ ਹੋਣ ਲੱਗੀ। ਇਸ

ਵਰਤਾਰੇ ਨੂੰ ਬਲਬੀਰ ਪਰਵਾਨਾ ਆਪਣੀ ਕਹਾਣੀ 'ਬੇਰੀ ਵਾਲਾ ਖੇਤ' ਵਿਚ ਪੇਸ਼ ਕਰਦਾ ਹੈ। ਕਹਾਣੀ ਦੇ ਕੇਂਦਰੀ ਪਾਤਰ ਰੱਖੇ ਨੂੰ ਪਰਿਵਾਰਕ ਜ਼ਿੰਮੇਵਾਰੀਆਂ ਨਿਭਾਉਣ ਦੀ ਖਾਤਿਰ ਆਪਣੀ ਡੇਢ ਕਿੱਲਾ ਜ਼ਮੀਨ ਵੇਚਕੇ ਦਿਹਾੜੀਦਾਰ ਮਜ਼ਦੂਰ ਬਣਕੇ ਆਪਣੇ ਹੀ ਵਿਕ ਗਏ ਖੇਤਾਂ ਵਿਚ ਮਜ਼ਦੂਰੀ ਕਰਨੀ ਪੈਂਦੀ ਹੈ। ਪਰਵਾਨਾ ਆਪਣੀ ਕਹਾਣੀ ਵਿਚ ਛੋਟੀ ਕਿਸਾਨੀ ਦੀ ਉਸ ਤ੍ਰਾਸਦੀ ਨੂੰ ਪੇਸ਼ ਕਰਦਾ ਹੈ ਜਿਹੜੀ ਕਿਸਾਨੀ ਨੂੰ ਸਿਰਫ਼ ਆਰਥਕ ਤੌਰ 'ਤੇ ਹੀ ਬਰਬਾਦੀ ਵੱਲ ਨਹੀਂ ਧੱਕ ਰਹੀ, ਸਗੋਂ ਕਿਸਾਨੀ ਦੀ ਹੋਂਦ ਨਾਲ ਜੁੜੇ ਸੰਕਟ ਨੂੰ ਚਿਤਰਦੀ ਹੈ। ਪਰਵਾਨਾ ਦੀਆਂ ਕਹਾਣੀਆਂ ਵਿਚ ਸਮੱਸਿਆ ਦਾ ਕੇਂਦਰ ਕੰਢੀ ਖੇਤਰ ਹੈ। ਕੰਢੀ ਦਾ ਇਲਾਕਾ ਹਰੇ ਇਨਕਲਾਬ ਤੋਂ ਬਹੁਤ ਦੇਰ ਬਾਅਦ ਤੱਕ ਵੀ ਬਾਕੀ ਪੰਜਾਬ ਵਾਂਗ ਸ਼ਹਿਰੀਕਰਣ ਦੇ ਵਰਤਾਰੇ ਦਾ ਹਿੱਸਾ ਨਹੀਂ ਬਣਿਆ ਸੀ। ਰੁਜ਼ਗਾਰ ਦੇ ਨਵੇਂ ਮੌਕੇ ਘੱਟ ਹੋਣ ਕਰਕੇ ਇਸ ਖਿੱਤੇ ਵਿਚ ਕਿਸਾਨੀ ਦੇ ਕੰਗਾਲੀਕਰਣ ਦਾ ਵਰਤਾਰਾ ਵਧੇਰੇ ਤੇਜ਼ੀ ਨਾਲ ਉੱਭਰਿਆ ਹੈ। ਕਿਸਾਨੀ ਦੀ ਪੀੜਾਗ੍ਰਸਤ ਮਾਨਸਿਕਤਾ ਇਸ ਬਿਰਤਾਂਤਕ ਪਾਠ ਦਾ ਮਹੱਤਵਪੂਰਨ ਹਿੱਸਾ ਹੈ। "ਰੋਟੀ ਮਿਲਣੀ ਤਾਂ ਹੁਣ ਔਖੀ ਹੋਈ ਪਈ ਐ। ਇਹ ਕੋਈ ਹੱਜ ਥੋੜ੍ਹਾ। ਕਿੱਥੇ ਪਹਿਲਾਂ ਜ਼ਮੀਨ ਦੇ ਮਾਲਕ ਸੀ, ਆਪਣੇ ਖੇਤ ਸਨ ਪਰ ਹੁਣ . . . ਸਭ ਕੁਝ ਵਿਕ ਗਿਆ। ਆਹ ਦੋ ਹੱਥ ਰਹਿ ਗਏ ਐ।"[13] ਕਰਜ਼ਾ ਚੁੱਕ ਕੇ ਐਮ. ਏ. ਤੱਕ ਪੜ੍ਹਾਇਆ ਲੱਖਾ ਵੀ ਘਰ ਦਾ ਸਹਾਰਾ ਬਣਨ ਦੀ ਬਜਾਇ ਬੇ-ਰੁਜ਼ਗਾਰਾਂ ਦੀ ਫ਼ੌਜ ਵਿਚ ਵਾਧਾ ਕਰਨ ਦਾ ਹੀ ਕਾਰਣ ਬਣਦਾ ਹੈ ਤੇ ਧੀ ਆਰਥਕ ਤੇ ਸਾਧਨ ਸੰਪੰਨ-ਪਰਿਵਾਰਕ ਸਹਾਰਾ ਨਾ ਹੋਣ ਕਰਕੇ ਸਹੁਰਿਆਂ ਦੀਆਂ ਜ਼ਿਆਦਤੀਆਂ ਹੰਢਾਉਣ ਲਈ ਮਜਬੂਰ ਹੈ। ਇਕ ਮਾਨਸਿਕ ਪੀੜ ਜ਼ਮੀਨ ਦੀ ਮਾਲਕੀ ਖੁੱਸ ਜਾਣ ਦੀ ਹੈ। ਦੂਸਰੇ, ਸ਼ਹਿਰੀਕਰਣ ਤੋਂ ਦੂਰ ਤੇ ਹੋਰ ਧੰਦਿਆਂ ਦੀ ਅਣਹੋਂਦ ਕਾਰਣ ਆਪਣੇ ਹੀ ਭਾਈਚਾਰੇ ਦੇ ਖੇਤਾਂ ਵਿਚ ਮਜ਼ਦੂਰ ਬਣਕੇ ਦਿਹਾੜੀ ਕਰਨ ਦੀ ਪੀੜ ਅਣਮਿਣਵੀਂ ਹੈ। ਇਸ ਕਹਾਣੀ ਦਾ ਕੇਂਦਰੀ ਸੂਤਰ ਇਸ ਦਰਦ ਵਿੰਨੀ ਮਾਨਸਿਕਤਾ ਦੀ ਪੇਸ਼ਕਾਰੀ ਉੱਪਰ ਕੇਂਦ੍ਰਿਤ ਹੈ, "ਘਰ ਮੁੱਕਿਆ ਹੋਇਆ ਆਟਾ, ਨਿਆਣਿਆਂ ਦੇ ਵਿਲੂੰ-ਵਿਲੂੰ ਕਰਦੇ ਚਿਹਰੇ ਤੇ ਇਹਨਾਂ ਦੇ ਰੂਬਰੂ ਉਸ ਨੇ ਹਾਂ ਕਰ

ਦਿੱਤੀ ਸੀ। ਘੱਟੋ-ਘੱਟ ਸੌ ਰੁਪਏ ਦਾ ਕੰਮ ਉਹ ਸੱਤਰਾਂ 'ਚ ਕਰਨ ਨੂੰ ਤਿਆਰ ਹੋ ਗਿਆ ਸੀ। . . . ਅੱਜ ਵਰਗਾ ਸੰਤਾਪ ਉਸਨੂੰ ਕਦੀ ਵੀ ਨਹੀਂ ਸੀ ਭੁਗਤਣਾ ਪਿਆ।"[14]

ਇਸੇ ਵਰਤਾਰੇ ਦੀ ਭਿਆਨਕਤਾ ਨੂੰ ਭੋਲਾ ਸਿੰਘ ਸੰਘੇੜਾ ਆਪਣੀ ਕਹਾਣੀ 'ਸੰਭਾਲ ਲੈ ਮੈਨੂੰ' ਵਿਚ ਪੇਸ਼ ਕਰਦਾ ਹੈ। ਇਸ ਕਹਾਣੀ ਦਾ ਕੇਂਦਰੀ ਪਾਤਰ ਪੰਜਾਬ ਸਿੰਘ ਵਿਅਕਤੀਗਤ ਦੁਖਾਂਤਕ ਸਥਿਤੀ ਤੋਂ ਉੱਪਰ ਉੱਠ ਕੇ ਇਸ ਸਮੁੱਚੇ ਵਰਤਾਰੇ ਦਾ ਪ੍ਰਤੀਕ ਬਣ ਜਾਂਦਾ ਹੈ। ਉਹ ਜਿਸ ਮਾਨਸਿਕ ਸਥਿਤੀ ਵਿਚੋਂ ਗੁਜ਼ਰ ਰਿਹਾ ਹੈ, ਕਹਾਣੀ ਉਸ ਸਥਿਤੀ ਦੇ ਕਾਰਕਾਂ ਉੱਤੇ ਕੇਂਦ੍ਰਿਤ ਕਰਦੀ ਹੈ। ਖੇਤੀ ਲਈ ਲੋੜੀਂਦਾ ਸਰਮਾਇਆ ਨਾ ਹੋਣ ਕਰਕੇ ਛੋਟੀ ਕਿਸਾਨੀ ਲਈ ਖੇਤੀ ਇਕ ਸਮੱਸਿਆ ਬਣੀ ਹੋਈ ਹੈ। ਨਿਰੰਤਰ ਵਧਦੇ ਕਰਜ਼ੇ ਕਾਰਣ ਪੰਜਾਬ ਸਿੰਘ ਦੀ ਪਰੇਸ਼ਾਨੀ ਨਿਰੰਤਰ ਵਧਦੀ ਜਾਂਦੀ ਹੈ ਤੇ ਮਾਨਸਿਕ ਸੰਤੁਲਨ ਦੇ ਵਿਗੜਨ ਤੱਕ ਪਹੁੰਚ ਜਾਂਦੀ ਹੈ, "ਜਦ ਵੀ ਕਰਜ਼ੇ ਦਾ ਸੱਪ ਡੰਗ ਮਾਰਦਾ ਹੈ ਤਾਂ ਪੱਟਕ ਦੇ ਕੇ ਉਸਦੀ ਅੱਖ ਖੁੱਲ੍ਹ ਜਾਂਦੀ।"[15] ਕਿਸਾਨੀ ਦੇ ਕੰਗਾਲੀਕਰਣ ਦਾ ਵਰਤਾਰਾ ਸਿਰਫ਼ ਜ਼ਮੀਨ ਤੋਂ ਬੇਦਖ਼ਲੀ ਤੱਕ ਸੀਮਤ ਨਹੀਂ, ਸਗੋਂ ਸਮਾਜ ਵਿਚੋਂ ਉਸਦੀ ਹੋਂਦ ਨੂੰ ਖ਼ਾਰਜ ਕਰਕੇ ਉਸਨੂੰ ਅਣਹੋਇਆਂ ਦੀ ਕਤਾਰ ਵਿਚ ਸ਼ਾਮਲ ਕਰਨ ਦਾ ਸਬੱਬ ਵੀ ਬਣ ਰਿਹਾ ਹੈ। ਜਤਿੰਦਰ ਹਾਂਸ ਦੀ ਕਹਾਣੀ 'ਛਿੱਟ ਕੁ ਕਹਾਣੀ' ਵੀ ਇਸੇ ਵਰਤਾਰੇ ਨੂੰ ਪੇਸ਼ ਕਰਦੀ ਹੈ। ਇਸ ਕਹਾਣੀ ਦਾ ਮੁੱਖ ਪਾਤਰ ਸੁੱਖਾ ਢਾਬੇ ਉੱਤੇ ਦੇਸੀ ਸ਼ਰਾਬ ਵੇਚਦਾ ਹੈ। ਥੋੜ੍ਹੀ ਜ਼ਮੀਨ ਤੇ ਗ਼ਰੀਬੀ ਕਰਕੇ ਉਹ ਹਰ ਪੱਖੋਂ ਲਗਾਤਾਰ ਨਿਘਰਦਾ ਜਾਂਦਾ ਹੈ। ਇਹ ਨਿਘਾਰ ਆਰਥਕ ਤਾਂ ਹੈ ਹੀ ਉਸਨੂੰ ਮਾਨਸਿਕ ਤੇ ਚਰਿੱਤਰ ਦੋਹਾਂ ਪੱਖਾਂ ਤੋਂ ਰਸਾਤਲ ਤੱਕ ਲੈ ਜਾਂਦਾ ਹੈ। ਘੱਟ ਜ਼ਮੀਨ ਕਰਕੇ ਵਿਆਹ ਹੋਣਾ ਵੀ ਮੁਸ਼ਕਲ ਹੋ ਜਾਂਦਾ ਹੈ, "ਦੋਵੇਂ ਭਾਈ ਅਸੀਂ ਵਿਆਹੁਣ ਆਲੇ, ਕੋਈ ਦੇਖਣ ਨਾ ਆਵੇ। ਜੇ ਆਵੇ ਤਾਂ ਘਰ ਤੱਕ ਨਾ ਪਹੁੰਚੇ, ਲੋਕ ਭਾਨੀ ਮਾਰ ਦਿਆ ਕਰਨ ਅਖੇ ਡਲੇ ਘੱਟ ਨੇ ਮੁੰਡੇ ਅਨਪੜ੍ਹ ਨੇ।"[16] ਕੰਗਾਲੀਕਰਣ ਦੀ ਪ੍ਰਕ੍ਰਿਆ ਵਿਚੋਂ ਗੁਜ਼ਰਦੀ ਕਿਸਾਨੀ ਅਜਿਹੇ ਧੰਦੇ ਅਪਨਾਉਣ ਲਈ ਮਜਬੂਰ ਹੈ ਜੋ ਉਸਦੀ ਸਮਾਜਕ ਅਤੇ ਜਾਤੀਗਤ ਹਉਮੈਂ ਨੂੰ ਸੱਟ ਮਾਰਦੇ ਹਨ। ਇਹ ਧੰਦੇ ਸਮਾਜ ਦੇ ਗ਼ਰੀਬ ਅਤੇ

ਹਾਸ਼ੀਅਗਤ ਲੋਕਾਂ ਨਾਲ ਜੁੜੇ ਹੋਏ ਹਨ, ਜਿਨ੍ਹਾਂ ਲਈ ਸੰਕਟਗ੍ਰਸਤ ਵਰਤਮਾਨ ਦੁਖਾਂਤ ਦਾ ਕਾਰਣ ਬਣਿਆ ਹੋਇਆ ਹੈ। ਛੋਟੀ ਕਿਸਾਨੀ ਦੇ ਕੰਗਾਲੀਕਰਣ ਦੇ ਇਸ ਵਰਤਾਰੇ ਦੀ ਕਨਸੋਅ ਅੱਠਵੇਂ-ਨੌਵੇਂ ਦਹਾਕੇ ਵਿਚ ਮਿਲਣੀ ਸ਼ੁਰੂ ਹੋ ਗਈ ਸੀ, ਜਦੋਂ ਹਰਾ ਇਨਕਲਾਬ ਆਪਣੇ ਵਿਗਾੜਾਂ ਸਮੇਤ ਜ਼ਾਹਰ ਹੋਣਾ ਸ਼ੁਰੂ ਹੋ ਗਿਆ ਸੀ। ਅਜੋਕੇ ਵਿਸ਼ਵੀਕਰਣ ਦੇ ਵਰਤਾਰੇ ਨੇ ਇਸਨੂੰ ਸਿਖਰ ’ਤੇ ਪੁਚਾ ਦਿੱਤਾ ਹੈ। ਕਿਸਾਨੀ ਦਾ ਹੇਠਲਾ ਵਰਗ ਵਿਦਿਆ ਵਿਚ ਪਿੱਛੇ ਰਹਿ ਜਾਣ, ਪੇਸ਼ਾਵਰ ਨਿਪੁੰਨਤਾ ਤੇ ਸਰਮਾਏ ਦੀ ਘਾਟ ਕਰਕੇ ਜੀਵਨ-ਨਿਰਵਾਹ ਲਈ ਸ਼ਹਿਰਾਂ ਵਿਚ ਜਾ ਕੇ ਮਜ਼ਦੂਰੀ ਕਰਨ ਲਈ ਮਜਬੂਰ ਹੈ। ਮਾਲਕ ਕਿਸਾਨੀ ਤੋਂ ਮਜ਼ਦੂਰ ਬਣਨ ਦੇ ਇਸ ਵਰਤਾਰੇ ਨੂੰ ਜਸਬੀਰ ਸਿੰਘ ਰਾਣਾ ਨੇ ‘ਜ਼ਰਾ ਬਚ ਕੇ ਮੋੜ ਤੋਂ’ ਕਹਾਣੀ ਵਿਚ ਚਿਤਰਿਆ ਹੈ। ਕਹਾਣੀ ਦਾ ਕੇਂਦਰੀ ਪਾਤਰ ਵਿਆਹ-ਸ਼ਾਦੀਆਂ ਵਿਚ ਬਹਿਰਾ ਬਣਨ ਲਈ ਮਜਬੂਰ ਹੈ। ਉਸਦਾ ਜਾਤੀਗਤ ਅਭਿਮਾਨ ਉਸਨੂੰ ਅੰਦਰੋਂ ਦੁਖੀ ਕਰਦਾ ਹੈ, ਪਰ ਸਥਿਤੀਆਂ ਦੀ ਕਠੋਰਤਾ ਸਾਹਮਣੇ ਉਹ ਬੇ-ਵੱਸ ਹੈ। ਮਾਲਕਾਂ ਦਾ ਵਤੀਰਾ ਉਸਦੇ ਦੁੱਖਾਂ ਵਿਚ ਵਾਧਾ ਕਰਨ ਦਾ ਸਬੱਬ ਬਣਦਾ ਹੈ, ਪਰ ਇਸ ਸਥਿਤੀ ਤੋਂ ਛੁਟਕਾਰੇ ਦਾ ਉਸਨੂੰ ਕੋਈ ਰਾਹ ਨਜ਼ਰ ਨਹੀਂ ਆਉਂਦਾ।

ਹਰੇ ਇਨਕਲਾਬ ਤੋਂ ਬਾਅਦ ਪੰਜਾਬ ਦੀ ਆਰਥਕ-ਸਮਾਜਕ ਬਣਤਰ ਨੂੰ ਸਭ ਤੋਂ ਵੱਧ ਪ੍ਰਭਾਵਿਤ ਵਿਸ਼ਵੀਕਰਣ ਦੇ ਵਰਤਾਰੇ ਨੇ ਕੀਤਾ ਹੈ। ਖੱਬੇ-ਪੱਖੀ ਚਿੰਤਕਾਂ ਨੇ ਇਸ ਵਰਤਾਰੇ ਪ੍ਰਤਿ ਵਿਰੋਧ ਦਾ ਪੈਂਤੜਾ ਧਾਰਨ ਕੀਤਾ ਹੋਇਆ ਹੈ ਪਰ ਇਸ ਵਰਤਾਰੇ ਨੇ ਬਹੁਤ ਸਾਰੀਆਂ ਅਜਿਹੀਆਂ ਧੁਨੀਆਂ ਨੂੰ ਵੀ ਕੇਂਦਰ ਵਿਚ ਲਿਆਂਦਾ ਹੈ, ਜੋ ਪਹਿਲਾਂ ਹਾਸ਼ੀਏ ’ਤੇ ਸਨ। ਇਸ ਵਰਤਾਰੇ ਦੇ ਸਿੱਟੇ ਵਜੋਂ ਦਲਿਤ ਅਤੇ ਨਾਰੀਵਾਦੀ ਧੁਨੀਆਂ ਪੰਜਾਬੀ ਚਿੰਤਨ ਅਤੇ ਸਾਹਿਤ ਸਿਰਜਣ ਦੇ ਖੇਤਰ ਵਿਚ ਆਪਣਾ ਸਥਾਨ ਬਣਾਉਣ ਲਗਦੀਆਂ ਹਨ। ਪੰਜਾਬੀ ਕਹਾਣੀਕਾਰਾਂ ਨੇ ਵਿਸ਼ਵੀਕਰਣ ਦੇ ਵਰਤਾਰੇ ਅਧੀਨ ਪੈਦਾ ਹੋਏ ਆਰਥਕ ਅਤੇ ਸਭਿਆਚਾਰਕ ਵਰਤਾਰਿਆਂ ਨੂੰ ਮੰਡੀ ਦੀ ਮਾਨਸਿਕਤਾ ਨਾਲ ਜੋੜ ਕੇ ਇਸ ਨੂੰ ਦੁਖਾਂਤਕ ਪੈਟਰਨ ਵਾਲੇ ਬਿਰਤਾਂਤ ਵਿਚ ਢਾਲਕੇ ਪੇਸ਼ ਕਰਨਾ ਸ਼ੁਰੂ ਕੀਤਾ। ਇਸ ਦੇ ਨਾਲ

ਕਿਸਾਨੀ ਮਾਨਸਿਕਤਾ ਵਿਚ ਇਤਿਹਾਸਕ ਚੇਤਨਾ ਅਧੀਨ ਪਰੰਪਰਾ ਵਿਚ ਪਏ ਨਾਇਕਤਵ ਦੇ ਮੁੱਲਾਂ ਨੂੰ ਮੁੜ ਪ੍ਰਭਾਸ਼ਿਤ ਕਰਨ ਦਾ ਸਿਲਸਿਲਾ ਆਰੰਭ ਹੋਇਆ। ਦੂਜੀ ਧੁਨੀ ਵਿਚ ਕਿਸਾਨੀ ਸਮਾਜ ਦੀ ਆਜ਼ਾਦੀ ਦੀ ਲੜਾਈ ਵਿਚਲੀ ਹਿੱਸੇਦਾਰੀ ਦੇ ਵਰਤਮਾਨ ਪ੍ਰਸੰਗ ਕੇਂਦਰ ਵਿਚ ਆਉਣ ਲੱਗ ਪਏ। ਇਸੇ ਤਰ੍ਹਾਂ ਕਿਸਾਨੀ ਸਮਾਜ ਅੰਦਰ ਬਦਲਦੇ ਜੀਵਨ ਮੁੱਲਾਂ ਦੇ ਪ੍ਰਸੰਗ ਵਿਚ ਵਾਪਰਦੀਆਂ ਮਾਨਸਿਕ ਸਮੱਸਿਆਵਾਂ ਕੇਂਦਰ ਵਿਚ ਆਉਣ ਲੱਗ ਪਈਆਂ। ਇਨ੍ਹਾਂ ਸਮੱਸਿਆਵਾਂ ਦੇ ਪ੍ਰਵੇਸ਼ ਨਾਲ ਪੰਜਾਬੀ ਕਹਾਣੀ ਵਿਚ ਕਿਸਾਨੀ ਦੇ ਸਰੋਕਾਰ ਇਕ ਦਮ ਬਦਲਵੇਂ ਰੂਪ ਵਿਚ ਉੱਭਰਨੇ ਸ਼ੁਰੂ ਹੋਏ। ਇਨ੍ਹਾਂ ਸਰੋਕਾਰਾਂ ਦਾ ਇਕ ਪਾਸਾਰ ਵਿਸ਼ਵੀਕਰਣ ਦੇ ਪ੍ਰਭਾਵ ਅਧੀਨ ਖੇਤੀ ਆਧਾਰਿਤ ਆਰਥਿਕਤਾ ਤੋਂ ਸ਼ੇਅਰ ਮਾਰਕੀਟ ਆਰਥਿਕਤਾ ਵਿਚ ਰੂਪਾਂਤਰਣ ਕਾਰਣ ਉਪਜੇ ਸੰਕਟ ਨਾਲ ਜੁੜਿਆ ਹੋਇਆ ਹੈ। ਇਹ ਖੇਤਰ ਪੇਂਡੂ ਸੰਸਕ੍ਰਿਤੀ ਆਧਾਰਿਤ ਕਥਾਕਾਰਾਂ ਲਈ ਓਪਰਾ ਬਣਿਆ ਰਿਹਾ ਹੈ। ਪੰਜਾਬੀ ਕਹਾਣੀ ਦੇ ਖੇਤਰ ਵਿਚ ਇਸ ਮਸਲੇ ਦੀ ਪਛਾਣ ਤੇ ਪੇਸ਼ਕਾਰੀ ਕਰਨ ਵਾਲਾ ਕਹਾਣੀਕਾਰ ਕੇਸਰ ਰਾਮ ਹੈ। ਉਹ ਆਪਣੀ ਕਹਾਣੀ ‘ਬੁਲਬੁਲਿਆਂ ਦੀ ਕਾਸ਼ਤ’ ਵਿਚ ਇਸ ਮਸਲੇ ਨੂੰ ਪੂਰੀ ਕਲਾਤਮਕ ਸਮਰਥਾ ਨਾਲ ਪੇਸ਼ ਕਰਦਾ ਹੈ। ਕਹਾਣੀ ਦਾ ਕੇਂਦਰੀ ਪਾਤਰ ਜਗਦੇਵ ਸਿੰਘ ਸ਼ੇਅਰ ਮਾਰਕੀਟ ਵਿਚ ਪ੍ਰਵੇਸ਼ ਕਰਦੇ ਹੀ ਉਸ ਵਰਗ ਦੀ ਜੀਵਨ-ਜਾਚ ਨੂੰ ਅਪਣਾ ਲੈਂਦਾ ਹੈ। ਉਸ ਉੱਪਰ ਪੈਸਾ ਕਮਾ ਕੇ ਰਾਤੋ-ਰਾਤ ਅਮੀਰ ਹੋਣ ਦਾ ਭੂਤ ਇਸ ਕਦਰ ਹਾਵੀ ਹੈ ਕਿ ਉਹ ਇਸ ਲਈ ਆਪਣੀ ਸਾਰੀ ਜ਼ਮੀਨ ਵੇਚ ਦੇਂਦਾ ਹੈ। ਇਸ ਤਬਦੀਲੀ ਨਾਲ ਉਸਦਾ ਭਵਿੱਖ ਖੇਤੀ ਨਾਲੋਂ ਟੁੱਟ ਕੇ ਸ਼ੇਅਰ ਮਾਰਕੀਟ ਨਾਲ ਜੁੜ ਜਾਂਦਾ ਹੈ। ਉਹ ਅਜਿਹੀ ਦੁਨੀਆਂ ਵਿਚ ਪ੍ਰਵੇਸ਼ ਕਰ ਜਾਂਦਾ ਹੈ ਕਿ ਉਸ ਨੂੰ ਚਾਰੇ ਪਾਸੇ ਖ਼ੁਸ਼ਹਾਲੀ ਦੇ ਬੁਲਬੁਲੇ ਨਜ਼ਰ ਆਉਂਦੇ ਹਨ। ਜਿਵੇਂ-ਜਿਵੇਂ ਸ਼ੇਅਰ ਮਾਰਕੀਟ ਉੱਪਰ ਜਾਂਦੀ ਹੈ ਤਾਂ ਜਗਦੇਵ ਨੂੰ ਆਪਣੀ ਲਿਆਕਤ ਅਤੇ ਕਿਸਮਤ ਉੱਪਰ ਫ਼ਖ਼ਰ ਹੁੰਦਾ ਹੈ। ਕਹਾਣੀਕਾਰ ਵਿਸ਼ਵੀਕਰਣ ਦੇ ਇਸ ਵਰਤਾਰੇ ਨੂੰ ਪੂਰੀ ਕਲਾਤਮਿਕਤਾ ਨਾਲ ਉਭਾਰਦਾ ਹੈ ਕਿ ਕਿਵੇਂ ਪੈਸੇ ਤੇ ਪਦਾਰਥਕ ਵਸਤਾਂ ਦੀ ਹਵਸ ਦਾ ਵਰਤਾਰਾ ਸ਼ਹਿਰੀ ਜੀਵਨ ’ਚੋਂ ਨਿਕਲ ਕੇ ਆਪਣੀਆਂ ਜੜ੍ਹਾਂ

ਕਿਸਾਨੀ ਸਮਾਜ ਤੱਕ ਫੈਲਾ ਰਿਹਾ ਹੈ ਤੇ ਕਿਸਾਨੀ ਦੀ ਪਰੰਪਰਾਗਤ ਮਾਨਸਿਕਤਾ ਨੂੰ ਢਾਹ ਕੇ ਨਵੇਂ ਸਿਰਿਓਂ ਉਸਾਰ ਰਿਹਾ ਹੈ। ''ਇਕ ਕਿਸਮ ਦੀ ਠਹਿਰੀ ਹੋਈ ਜਿਹੀ ਜਾਂ ਕੀੜੀ ਦੀ ਚਾਲ ਤੁਰ ਰਹੀ ਜ਼ਿੰਦਗ਼ੀ ਤੇ ਅੱਜ ਕੱਲ੍ਹ? ਰਾਤੋ ਰਾਤ ਚੱਲ ਸੱਤਵੇਂ ਆਸਮਾਨ 'ਤੇ। ਮਾਰ ਤੇਰੇ ਦੀ, ਸਾਨ੍ਹ ਦੇ ਮੁਹਰਲੇ ਪੈਰ ਅਸਮਾਨ ਵੱਲ. . . ਤੇ ਪੂੰਛ ਚੁੱਕੀ ਹੋਈ. . .। ਦੁਨੀਆਂ ਭਰ 'ਚ ਛਾਏ ਹੋਏ ਨੇ. . . ਇੰਡੀਆ ਦੇ ਧਨ ਕੁਬੇਰ. . .।''[17] ਇਹ ਉਹ ਸਥਿਤੀ ਹੈ ਜਿਹੜੀ ਸਮੁੱਚੇ ਭਾਰਤ ਦੇ ਮੱਧ ਵਰਗ ਨੂੰ ਪ੍ਰਭਾਵਿਤ ਕਰ ਰਹੀ ਹੈ। ਇਸ ਸਥਿਤੀ ਵਿਚ ਖਲੋ ਕੇ ਇਸ ਕਹਾਣੀ ਦਾ ਮੁਖ ਪਾਤਰ ਆਪਣੇ ਅਤੀਤ ਦੇ ਸੰਕਟਾਂ ਨੂੰ ਚੇਤੇ ਕਰਦਾ ਹੈ। ਇਹ ਸੰਕਟ ਕਿਸਾਨੀ ਦੀ ਪਰੰਪਰਾਗਤ ਸਥਿਤੀ ਨਾਲ ਜੁੜਿਆ ਹੋਇਆ ਹੈ। ਖੇਤੀ ਵਿਚ ਪੂੰਜੀ ਦੇ ਪ੍ਰਵੇਸ਼ ਨਾਲ ਉਭਰ ਰਿਹਾ ਮੱਧ ਵਰਗ ਨਵੀਂ ਅਤੇ ਪੁਰਾਣੀ ਸਥਿਤੀ ਦਾ ਟਾਕਰਾ ਕਰਦਾ ਹੈ। ਵਿਸ਼ਵੀਕਰਣ ਦੇ ਵਰਤਾਰੇ ਤੇ ਪੂੰਜੀ ਦੀ ਚਕਾਚੌਂਧ ਨੇ ਸਮੁੱਚੇ ਜਨ-ਮਾਨਸ ਦੀ ਮਾਨਸਿਕਤਾ ਦੀਆਂ ਅੱਖਾਂ ਚੁੰਧਿਆ ਦਿੱਤੀਆਂ ਹਨ। ਇਹ ਕਹਾਣੀ ਵੀ ਕੇਂਦਰੀ ਪਾਤਰ ਦੇ ਸ੍ਵੈ-ਬਿਰਤਾਂਤ ਰਾਹੀਂ ਸਥਿਤੀ ਨੂੰ ਉਭਾਰਦੀ ਹੈ। ਮੱਧ ਵਰਗ ਲਈ ਪਰੰਪਰਾਗਤ ਕਿਸਾਨੀ ਸੰਕਟ ਦੀ ਪਰਿਆਇਵਾਚੀ ਬਣ ਗਈ ਹੈ। ''ਜਿੱਥੋਂ ਤੱਕ ਖੇਤੀ ਦੀ ਸਵਾਲ ਐ, ਉਧਰੋਂ ਵੀ ਆਪਾਂ ਤਾਂ ਬਿਲਕੁਲ ਫ਼ਾਰਗ। . . . ਮੇਰੇ ਵਰਗੇ ਕਈਆਂ ਨੂੰ ਤਾਂ ਅਕਲ ਈ ਬੜੀ ਲੇਟ ਆਈ ਐ। ਕਮਲੇ ਹੋਏ ਰਹਿੰਦੇ ਸੀ। ਨਾ ਰਾਤ ਨੂੰ ਚੈਨ ਤੇ ਨਾ ਦਿਨੇ ਆਰਾਮ। ਹੁਨਾਲ-ਸਿਆਲ ਦੀਆਂ ਕਰੜੀਆਂ ਸਖਤੀਆਂ... ਅੱਧੀ ਅੱਧੀ ਰਾਤ ਨੂੰ ਜਾ ਕੇ ਮੋਟਰ ਚਲਾਉਣੀ. . . ਤੇ ਪੱਲੇ ਜੋ ਪੈਂਦਾ ਪਤਾ ਈ ਐ. . .। . . . ਜੱਟਾਂ ਨੇ ਮਿਹਨਤ ਕਰਨੀ ਛੱਡ ਦਿੱਤੀ. . . ਖੇਤੀ ਭਈਆਂ ਹਵਾਲੇ ਕਰ ਤੀ. . .।''[18]

ਇਹ ਸੋਚ ਕਿਸਾਨੀ ਦੇ ਮੱਧ ਵਰਗ ਨੂੰ ਇਸ ਹੱਦ ਤਕ ਪ੍ਰਭਾਵਿਤ ਕਰ ਗਈ ਕਿ ਜਗਦੇਵ ਨੇ ਆਪਣੀ ਜ਼ਮੀਨ ਗਹਿਣੇ ਕਰਕੇ ਸਾਰਾ ਪੈਸਾ ਸ਼ੇਅਰ ਮਾਰਕੀਟ ਵਿਚ ਲਾ ਦਿੱਤਾ। ਅਮੀਰ ਬਣਨ ਦੀ ਲਾਲਸਾ ਕਿਸਾਨੀ ਦੇ ਮੱਧ ਵਰਗ ਵਿਚ ਸਿਖ਼ਰ 'ਤੇ ਪਹੁੰਚੀ ਹੋਈ ਨਜ਼ਰ ਆਉਂਦੀ ਹੈ। ਅਮੀਰ

ਬਣਨ ਦੀ ਇਹ ਲਾਲਸਾ ਹੀ ਕਿਸਾਨੀ ਦੇ ਸੰਕਟ ਦਾ ਕਾਰਣ ਬਣਦੀ ਹੈ। ਵਿਸ਼ਵੀਕਰਣ ਦੇ ਵਰਤਾਰਿਆਂ ਤੋਂ ਪ੍ਰਭਾਵਿਤ ਮੱਧ ਵਰਗ ਜ਼ਮੀਨ ਨਾਲ ਜੁੜੇ ਆਦਰਸ਼ਾਂ ਤੋਂ ਪੂਰੀ ਤਰ੍ਹਾਂ ਟੁੱਟਿਆ ਹੋਇਆ ਨਜ਼ਰ ਆਉਂਦਾ ਹੈ। ਉਸ ਲਈ ਜ਼ਮੀਨ ਆਰਥਕ ਤੇ ਸਮਾਜਕ ਹੋਂਦ ਦਾ ਪ੍ਰਤੀਕ ਨਹੀਂ ਰਹਿ ਗਈ, ਸਗੋਂ ਮੰਡੀ ਦੀ ਵਸਤ ਬਣ ਗਈ ਹੈ। ਉਸ ਲਈ ਜ਼ਮੀਨ ਵੇਚਣਾ ਜਾਂ ਗਹਿਣੇ ਪਾਉਣਾ ਮਿਹਣਾ ਨਹੀਂ, ਸਗੋਂ ਆਰਥਕ ਖ਼ੁਸ਼ਹਾਲੀ ਲਈ ਲਿਆ ਗਿਆ 'ਬੋਲਡ ਸਟੈੱਪ' ਹੈ। ਇਹ ਮਾਨਸਿਕਤਾ ਕਹਾਣੀ ਵਿਚਲੇ ਸੰਕਟ ਨੂੰ ਗਹਿਰਾ ਕਰਦੀ ਹੈ। ਜਗਦੇਵ ਦੀ ਸਮੁੱਚੀ ਆਰਥਕ-ਸਮਾਜਕ ਹੋਂਦ ਸ਼ੇਅਰ ਮਾਰਕੀਟ ਨਾਲ ਜੁੜੀ ਹੋਈ ਹੈ। ਸ਼ੇਅਰ ਮਾਰਕੀਟ ਵਿਚਲੀ ਗਿਰਾਵਟ ਨਾਲ ਜਗਦੇਵ ਦਾ ਆਰਥਕ ਸੰਕਟ ਆਪਣੇ ਸਿਖ਼ਰ 'ਤੇ ਪਹੁੰਚ ਜਾਂਦਾ ਹੈ। ਉਸਨੂੰ ਪ੍ਰਤੀਤ ਹੁੰਦਾ ਹੈ ਕਿ ਸ਼ੇਅਰ ਮਾਰਕੀਟ ਤਾਂ ਬੁਲਬੁਲਿਆਂ ਦੀ ਕਾਸ਼ਤ ਹੈ, "ਜਦ ਬਾਜ਼ਾਰ ਡਾਊਨ ਆਉਣਾ ਸ਼ੁਰੂ ਹੋਇਆ, ਹਰ ਵੱਡੀ ਗਿਰਾਵਟ ਦੀ ਖ਼ਬਰ ਨਾਲ ਪੇਟ ਵਿਚ ਗੁੜਗੁੜ ਸ਼ੁਰੂ ਹੋ ਜਾਂਦੀ ਤੇ ਭੱਜ ਕੇ ਪਾਖਾਨੇ ਜਾਣਾ ਪੈਂਦਾ ਸੀ। ਹੁਣ ਜਦ ਦਾ ਸਾਨ੍ਹ ਮੂਧਾ ਪਿਐ. . . ਕਬਜ਼ੀ ਰਹਿਣ ਲੱਗ ਪਈ ਐ।"[19]

ਕੇਸਰ ਰਾਮ ਦੀ ਇਹ ਕਹਾਣੀ ਬਹੁ-ਪਰਤੀ ਹੈ। ਇਹ ਕਿਸਾਨੀ ਦੇ ਆਰਥਕ ਸੰਕਟ ਦੇ ਨਾਲ-ਨਾਲ ਹੋਰ ਵੀ ਬਹੁਤ ਸਾਰੇ ਮਸਲਿਆਂ ਨੂੰ ਸੰਬੋਧਿਤ ਹੁੰਦੀ ਹੈ। ਸੰਬੋਧਨ ਦੀ ਇਹ ਸੁਰ ਵਿਸ਼ਵੀਕਰਣ ਦੇ ਵਰਤਾਰਿਆਂ ਦੀ ਨਿਸ਼ਾਨਦੇਹੀ ਤੇ ਇਸ ਦਾ ਵਿਰੋਧ ਕਰਨ ਵਾਲੀਆਂ ਖੱਬੇ-ਪੱਖੀ ਧਿਰਾਂ ਦੇ ਰਾਜਨੀਤਿਕ ਨਿਘਾਰ ਤੱਕ ਫੈਲੀ ਹੋਈ ਹੈ। ਕਹਾਣੀ ਦਾ ਕੇਂਦਰੀ ਪਾਤਰ ਜਗਦੇਵ ਕਿਸੇ ਸਮੇਂ ਆਰਥਕ, ਸਮਾਜਕ ਤੇ ਰਾਜਨੀਤਿਕ ਤਬਦੀਲੀਆਂ ਲਿਆਉਣ ਲਈ ਸੰਘਰਸ਼ੀਲ ਖੱਬੇ ਪੱਖੀ ਧਿਰਾਂ ਨਾਲ ਜੁੜਿਆ ਹੋਇਆ ਸੀ, ਪਰ ਅਜੋਕੇ ਸਮਿਆਂ ਵਿਚ ਉਹ ਇਨ੍ਹਾਂ ਧਿਰਾਂ ਦਾ ਪ੍ਰਤਿਨਿੱਧ ਨਾ ਰਹਿ ਕੇ ਸ਼ੇਅਰ ਮਾਰਕੀਟ ਦੇ ਉਤਰਾਅ-ਚੜ੍ਹਾਅ ਰਾਹੀਂ ਆਪਣੀ ਹੋਣੀ ਬਦਲਣ ਲਈ ਯਤਨਸ਼ੀਲ ਹੈ। ਸਮੁੱਚੇ ਪ੍ਰਸੰਗ ਵਿਚ ਇਹ ਸਥਿਤੀ ਵਿਡੰਬਨਾਤਮਕ ਹੈ, ਕਿਉਂਕਿ ਇਹ ਕਹਾਣੀ ਖੱਬੇ-ਪੱਖੀ ਧਿਰਾਂ ਨਾਲ ਜੁੜੇ ਆਦਰਸ਼ਾਂ ਦੇ ਖਿੰਡਾਅ ਨੂੰ ਦੁਖਾਂਤ ਦੀ ਦ੍ਰਿਸ਼ਟੀ ਤੋਂ ਚਿਤਰਦੀ ਹੈ, "ਸਾਡੇ

ਪੁਰਖਿਆਂ ਨੇ ਜਿੰਨ੍ਹਾਂ ਖ਼ਿਲਾਫ਼ ਲੜਾਈਆਂ ਲੜੀਆਂ, ਅੱਜ ਅਸੀਂ ਫ਼ੇਰ ਉਨ੍ਹਾਂ ਦੇ ਪੈਰਾਂ ਵਿਚ ਗਿਰ ਰਹੇ ਹਾਂ। ਉਪਨਿਵੇਸ਼ਾਂ ਵੇਲੇ ਦੀ ਸਥਿਤੀ ਫੇਰ ਪੈਦਾ ਹੋ ਚੁੱਕੀ ਹੈ। ਬਹੁਰਾਸ਼ਟਰੀ ਕੰਪਨੀਆਂ ਪੂੰਜੀ ਬਾਹਰ ਲਿਜਾ ਰਹੀਆਂ ਨੇ। ਸਾਡੇ ਪਿੰਡਾਂ ਨੂੰ ਹੁਣ ਸ਼ਹਿਰਾਂ ਨੇ ਉਪਨਿਵੇਸ਼ ਬਣਾ ਲਿਐ। ਸਸਤੀ ਲੇਬਰ ਇਥੋਂ. . . ਕੱਚਾ ਮਾਲ ਇਥੋਂ. . . ਮੁੜ ਤਿਆਰ ਮਾਲ ਵੇਚਕੇ ਪੂੰਜੀ ਵੀ ਇਥੋਂ. . .।"[20] ਬਹੁਰਾਸ਼ਟਰੀ ਕੰਪਨੀਆਂ ਵੱਲੋਂ ਪਿੰਡਾਂ ਨੂੰ ਉਪਨਿਵੇਸ਼ ਵਜੋਂ ਵਰਤਣ ਦੀ ਨਿਸ਼ਾਨਦੇਹੀ ਲੋਕਪੱਖੀ ਸੋਚ ਦਾ ਦ੍ਰਿਸ਼ਟੀਗਤ ਪਾਸਾਰ ਹੈ। ਕਹਾਣੀਕਾਰ ਇਸ ਪਾਸਾਰ ਨੂੰ ਸੰਵਾਦ ਰਾਹੀਂ ਉਭਾਰਦਾ ਹੈ ਅਤੇ ਸੰਵਾਦ ਦਾ ਮਾਧਿਅਮ ਬਿਜਲਈ ਮਾਧਿਅਮ ਬਣਦੇ ਹਨ। ਇਸ ਤਰ੍ਹਾਂ, ਇਹ ਕਹਾਣੀ ਵਿਸ਼ਵੀਕਰਣ ਦੇ ਬਹੁ-ਪਰਤੀ ਅਤੇ ਬਹੁ-ਪਾਸਾਰੀ ਪ੍ਰਭਾਵ ਨੂੰ ਆਪਣਾ ਵਿਸ਼ਾ ਬਣਾਉਂਦੀ ਹੈ। ਇਨ੍ਹਾਂ ਪਾਸਾਰਾਂ ਵਿਚ ਪਹਿਲੀ ਵਾਰ ਕਿਸਾਨੀ ਨਾਲ ਸੰਬੰਧਿਤ ਧਿਰਾਂ ਸ਼ਾਮਲ ਕੀਤੀਆਂ ਗਈਆਂ ਹਨ ਤੇ ਕੇਸਰ ਰਾਮ ਇਸ ਪੇਸ਼ਕਾਰੀ ਨੂੰ ਪੂਰੀ ਕਲਾਤਮਕ ਸਮਰਥਾ ਨਾਲ ਉਭਾਰਦਾ ਹੈ, ਇਹੀ ਇਸ ਕਹਾਣੀ ਦੀ ਵਿਲੱਖਣਤਾ ਹੈ।

ਕਿਸਾਨੀ ਜੀਵਨ ਨਾਲ ਸੰਬੰਧਿਤ ਪੰਜਾਬੀ ਦੀ ਸਮਕਾਲੀ ਕਹਾਣੀ ਵਿਚ ਕੁਝ ਹੋਰ ਕਹਾਣੀਆਂ ਵੀ ਵਿਸ਼ਵੀਕਰਣ ਦੇ ਪ੍ਰਭਾਵ ਅਧੀਨ ਕਾਰਪੋਰੇਟ ਸੈਕਟਰ ਵੱਲੋਂ ਸਨਅਤਾਂ ਲਾਉਣ ਦੇ ਬਹਾਨੇ ਖੇਤੀਬਾੜੀ ਵਾਲੀਆਂ ਜ਼ਮੀਨਾਂ ਕਬਜ਼ਾਉਣ ਵਿਰੁੱਧ ਕਿਸਾਨੀ ਲਾਮਬੰਦੀ ਭਾਵੇਂ ਕੇਂਦਰੀ ਥੀਮ ਬਣ ਕੇ ਨਹੀਂ ਉਭਰ ਰਹੀ, ਪਰੰਤੂ ਫਿਰ ਵੀ ਕੁਝ ਇਕ ਕਹਾਣੀਕਾਰਾਂ ਵੱਲੋਂ ਇਸ ਮਸਲੇ ਨੂੰ ਪੇਸ਼ ਕੀਤਾ ਗਿਆ ਹੈ। ਦਰਸ਼ਨ ਜੋਗਾ ਦੀ ਕਹਾਣੀ 'ਟੰਡਲੀ ਅਜੇ ਵੀ ਖੜੀ ਹੈ' ਜ਼ਮੀਨ ਨਾਲ ਜੁੜੀ ਕਿਸਾਨੀ ਦੀ ਮਾਨਸਿਕਤਾ ਨੂੰ ਇਸੇ ਪੱਖ ਤੋਂ ਪੇਸ਼ ਕਰਦੀ ਹੈ। ਸਮੁੱਚੀ ਕਹਾਣੀ ਦਾ ਵਿਚਾਰਧਾਰਕ ਸੰਗਠਨ ਤਾਂ ਕਿਸਾਨੀ ਦੇ ਕੰਗਾਲੀਕਰਣ ਦੇ ਮਸਲੇ ਨੂੰ ਉਭਾਰਨ ਉੱਪਰ ਕੇਂਦ੍ਰਿਤ ਹੈ ਅਤੇ ਕਾਰਪੋਰੇਟ ਸੈਕਟਰ ਦੇ ਵਿਰੋਧ ਵਾਲੀ ਧੁਨੀ ਸਹਾਇਕ ਧੁਨੀ ਬਣਕੇ ਇਸ ਕਹਾਣੀ ਵਿਚ ਉਭਰਦੀ ਹੈ। ਕਿਸਾਨੀ ਦੀ ਮਾਨਸਿਕਤਾ ਜ਼ਮੀਨ ਦੀ ਮਾਲਕੀ ਨਾਲ ਇਸ ਤਰ੍ਹਾਂ ਜੁੜੀ ਹੋਈ ਹੈ ਕਿ ਇਸ ਤੋਂ ਬਿਨਾਂ ਕਿਸਾਨੀ ਨੂੰ

ਆਪਣੀ ਹੋਂਦ ਅਧੂਰੀ ਲਗਦੀ ਹੈ ਤੇ ਕਿਸਾਨੀ ਉਸ ਹਰ ਯਤਨ ਦਾ ਵਿਰੋਧ ਕਰਦੀ ਹੈ, ਜੋ ਉਸਨੂੰ ਜ਼ਮੀਨ ਦੀ ਮਲਕੀਅਤ ਤੋਂ ਲਾਂਭੇ ਕਰਦਾ ਹੈ, ‘‘ਅਸੀਂ ਨੀਂ ਦੇਂਦੇ ਜ਼ਮੀਨਾਂ। ਗੱਡੀ ਦੀ ਲੈਨ ’ਤੇ ਬੈਠਾਂਗੇ ਸਣੇ ਟੱਬਰ। ਇਹਦੇ ਨਾਲੋਂ ਤਾਂ ਮਰੇ ਚੰਗੇ। ਜਾਂ ਸਾਡਾ ਕੋਈ ਹੱਲ ਕਰੋ।’’[21] ਇਹ ਉਹ ਵਾਸਤਵਿਕ ਸਥਿਤੀ ਹੈ ਜਿਸ ਅਧੀਨ ਹਕੀਕਤ ਤੋਂ ਜਾਣੂੰ ਕਿਸਾਨੀ ਆਪ-ਮੁਹਾਰੇ ਸੰਘਰਸ਼ ਲਈ ਤਿਆਰ ਹੈ। ਇਸ ਕਹਾਣੀ ਦਾ ਘਟਨਾ ਸਥਲ ਭਾਵੇਂ ਮਾਲਵਾ ਹੈ ਪਰੰਤੂ ਇਹ ਨਵੇਂ ਪ੍ਰਬੰਧ ਵਿਚ ਸਮਾਉਣ ਤੋਂ ਅਸਮਰਥ ਸਮੁੱਚੀ ਛੋਟੀ ਕਿਸਾਨੀ ਦੀ ਸਥਿਤੀ ਦੀ ਪੇਸ਼ਕਾਰੀ ਉੱਪਰ ਆਧਾਰਿਤ ਹੈ।

ਵਿਸ਼ਵੀਕਰਣ ਦੇ ਪ੍ਰਭਾਵ ਅਧੀਨ ਸੰਕਟ ਗ੍ਰਸਤ ਕਿਸਾਨੀ ਵਿਚਲਾ ਇਕ ਵਰਗ ਵਰਤਮਾਨ ਸੰਕਟ ਦੀਆਂ ਜੜ੍ਹਾਂ ਨੂੰ ਭੂਤ ਵਿਚੋਂ ਤਲਾਸ਼ਦਾ ਹੈ। ਪੰਜਾਬੀ ਦੇ ਕੁਝ ਕਹਾਣੀਕਾਰਾਂ ਨੇ ਇਤਿਹਾਸ ਵਿਚ ਪਏ ਕਈ ਸਵਾਲਾਂ ਨੂੰ ਵਰਤਮਾਨ ਸੰਕਟ ਦੇ ਰੂਬਰੂ ਪਰਖਣਾ ਸ਼ੁਰੂ ਕੀਤਾ ਹੈ। ਵੈਸੇ ਵੀ ਮਨੁੱਖ ਵਰਤਮਾਨ ਸੰਕਟ ਨੂੰ ਭੂਤ ਵਿਚੋਂ ਤਲਾਸ਼ ਕੇ ਇਤਿਹਾਸ ਦੀ ਪੁਨਰ-ਸਿਰਜਣਾ ਜਾਂ ਪੁਨਰ-ਮੁਲਾਂਕਣ ਕਰਦਾ ਹੈ। ਇਸ ਤਰ੍ਹਾਂ, ਇਤਿਹਾਸ ਵਿਚੋਂ ਆਪਣੇ ਆਦਰਸ਼ ਤਲਾਸ਼ਣ ਦਾ ਸਿਲਸਿਲਾ ਸ਼ੁਰੂ ਹੁੰਦਾ ਹੈ। ਇਤਿਹਾਸ ਵਿਚ ਪਏ ਸਾਡੇ ਆਦਰਸ਼ ਸ਼ਾਇਦ ਕਿਸੇ ਨਾ ਕਿਸੇ ਰੂਪ ਵਿਚ ਕਿਸਾਨੀ ਸਮਾਜ ਨਾਲ ਜੁੜੇ ਰਹੇ ਹਨ; ਚਾਹੇ ਉਹ ਕੋਈ ਵੀ ਲਹਿਰ ਜਾਂ ਸੰਘਰਸ਼ ਹੋਵੇ। ਇਕੀਵੀਂ ਸਦੀ ਦੇ ਮੁੱਢ ਵਿਚ ਵਿਸ਼ਵੀਕਰਣ ਦੇ ਚਿੰਤਨ ਅਤੇ ਵਰਤਾਰੇ ਦਾ ਪ੍ਰਭਾਵ ਪੰਜਾਬੀ ਜਨ-ਜੀਵਨ ਉੱਪਰ ਪੈਣਾ ਸ਼ੁਰੂ ਹੋ ਗਿਆ ਸੀ। ਇਸ ਦੇ ਸਿੱਟੇ ਵਜੋਂ, ‘‘ਇਕ ਪਾਸੇ ਔਰਤ ਦਾ ਕਾਮੁਕ ਬਿੰਬ, ਔਰਤ-ਮਰਦ ਰਿਸ਼ਤੇ ਦੀਆਂ ਕਈ ਪਰਤਾਂ, ਔਰਤ ਦੀ ਆਜ਼ਾਦੀ ਦਾ ਅਖਾਉਤੀ ਮਸਲਾ, ਵਿਅਕਤੀਗਤ ਮਾਨਸਿਕ ਵਿਕ੍ਰਤੀਆਂ, ਸਥਾਨਕ ਸਭਿਆਚਾਰਾਂ ਦੇ ਭਾਰੂ ਬਿੰਬ ਵਰਗੇ ਮਸਲੇ ਦੂਜੇ ਪਾਸੇ ਸਮਾਜਕ ਸਰੋਕਾਰ, ਧਰਮ ਨਿਰਪੱਖਤਾ, ਮਨੁੱਖੀ ਦਰਦ, ਮਾਨਵ ਵਿਰੋਧੀ ਰੂਪ ਦੇ ਨਾਪਾਕ ਇਰਾਦਿਆਂ ਦੀ ਪੇਸ਼ਕਾਰੀ ਸਾਹਿਤਕ ਬਿੰਬ ਦਾ ਆਧਾਰ ਬਣ ਰਹੀ ਹੈ।’’[22] ਬਲਵਿੰਦਰ ਗਰੇਵਾਲ ਦੀ ਕਹਾਣੀ ‘ਇਕ ਘਰ ਆਜ਼ਾਦ ਹਿੰਦੀਆਂ ਦਾ’ ਮਾਨਵੀ ਦਰਦ ਅਤੇ ਛੋਟੀ ਕਿਸਾਨੀ ਦੀ ਸਮਾਜਕ ਵਿਕਾਸ ਦੇ ਹਰ ਪੜਾਅ ਉੱਤੇ ਨਿੱਘਰਦੀ

ਹਾਲਤ ਦਾ ਬਿਰਤਾਂਤ ਪੇਸ਼ ਕਰਦੀ ਹੈ। ਇਹ ਕਹਾਣੀ ਕਿਸਾਨੀ ਸਮਾਜ ਅੰਦਰਲੀ ਵਰਤਮਾਨ ਰਾਜਨੀਤੀ ਅਤੇ ਮਾਨਵੀ ਮੁੱਲਾਂ ਦੇ ਵਿਗਠਨ ਦੁਆਰਾ ਉਸਰੀ ਹੈ। ਵਰਤਮਾਨ ਰਾਜਨੀਤੀ ਵਿਚਲੇ ਅੰਤਰ ਵਿਰੋਧਾਂ ਦੀਆਂ ਕਈ ਪਰਤਾਂ ਬਖ਼ਤਾਵਰ ਸਿੰਘ ਦੀ ਸਿਮਰਤੀ ਵਿਚੋਂ ਉਭਰਦੀਆਂ ਹਨ। ਅਤੀਤ ਦਾ ਆਦਰਸ਼ ਉਸ ਨੂੰ ਆਪਣੇ ਪੋਤਰੇ ਰਾਣੇ ਅਤੇ ਪੁੱਤਰ ਸੱਜਣ ਸਿੰਘ ਦੇ ਵਿਰੋਧ ਲਈ ਉਕਸਾਉਂਦਾ ਹੈ। ਪਰੰਤੂ, ਵਰਤਮਾਨ ਪ੍ਰਸਥਿਤੀਆਂ ਉਸ ਨੂੰ ਅਜਿਹਾ ਕਰਨ ਤੋਂ ਰੋਕਦੀਆਂ ਹਨ। ਬਖ਼ਤਾਵਰ ਸਿੰਘ ਦੀ ਇਹ ਮਾਨਸਿਕ ਸਥਿਤੀ ਸਮੁੱਚੀ ਕਹਾਣੀ ਦੇ ਬਿਰਤਾਂਤ ਦੇ ਆਰ-ਪਾਰ ਫੈਲੀ ਹੋਈ ਹੈ। ਆਜ਼ਾਦ ਹਿੰਦ ਫ਼ੌਜ ਦੇ ਸਿਪਾਹੀ ਦੀ ਹੈਸੀਅਤ ਵਿਚ ਜੀਵਨ ਆਦਰਸ਼ ਦਾ ਇਕ ਸੰਕਲਪ ਉਸ ਦੀ ਮਾਨਸਿਕਤਾ ਦਾ ਹਿੱਸਾ ਬਣਿਆ ਹੋਇਆ ਹੈ। ਉਸਦੀਆਂ ਸਿਮਰਤੀਆਂ ਇਸੇ ਆਦਰਸ਼ ਦੁਆਲੇ ਘੁੰਮਦੀਆਂ ਹਨ। ਉਸਦਾ ਸਮੁੱਚਾ ਜੀਵਨ ਇਨ੍ਹਾਂ ਆਦਰਸ਼ਕ ਮੁੱਲਾਂ ਲਈ ਸੰਘਰਸ਼ ਨਾਲ ਜੁੜਿਆ ਹੋਇਆ ਹੈ। ਆਜ਼ਾਦੀ ਤੋਂ ਬਾਅਦ ਵੀ ਉਹ ਪਿੰਡ ਦੀ ਸਿਆਸਤ ਵਿਚ ਲੋਕ ਪੱਖੀ ਰਾਜਨੀਤੀ ਦੀ ਹਮਾਇਤ ਕਰਦਾ ਹੈ। ਇਸੇ ਕਰਕੇ ਆਪਣੇ ਪੋਤਰੇ ਦੁਆਰਾ ਦਲਿਤ ਔਰਤ ਦੇ ਅਪਮਾਨ ਤੇ ਪੁੱਤਰ ਦੀ ਮੌਕਾ ਪ੍ਰਸਤ ਰਾਜਨੀਤੀ ਤੋਂ ਉਹ ਪੂਰੀ ਤਰ੍ਹਾਂ ਦੁਖੀ ਹੈ।

ਸਮਕਾਲੀ ਸਥਿਤੀ ਵਿਚਲੀ ਰਾਜਨੀਤੀ ਵਿਚ ਇਕ ਅਜਿਹੀ ਜਮਾਤ ਪੈਦਾ ਹੋ ਗਈ ਹੈ ਜਿਹੜੀ ਸਥਾਪਤੀ ਦਾ ਅੰਗ ਬਣ ਕੇ ਅਮੀਰ ਤੇ ਸਾਧਨ-ਸੰਪੰਨ ਹੋ ਗਈ ਹੈ, ਜਦਕਿ ਆਜ਼ਾਦੀ ਦੇ ਆਦਰਸ਼ ਨਾਲ ਜੁੜੀਆਂ ਧਿਰਾਂ ਦੀ ਸਥਿਤੀ ਆਜ਼ਾਦੀ ਤੋਂ ਬਾਅਦ ਹੋਰ ਵੀ ਬਦਤਰ ਹੋ ਗਈ ਹੈ। ਕਹਾਣੀ ਵਿਚ ਇਸ ਸਥਿਤੀ ਨੂੰ ਕਹਾਣੀ ਦਾ ਪਾਤਰ ਤਰਲੋਕ ਸਿੰਘ ਇਸ ਤਰ੍ਹਾਂ ਬਿਆਨ ਕਰਦਾ ਹੈ, "ਹੁਣ ਤੂੰ ਆਪਣੇ ਕੰਨੀ ਦੇਖ ਲੈ, ਜ਼ਮੀਨ ਪੰਦਰਾਂ ਕਿੱਲਿਆਂ ਤੋਂ ਪੱਚੀ ਹੋਗੀ।. . . ਫੇਰ ਦੇਖ ਲੈ ਮੇਰੇ ਕੰਨੀ ਛਿਆਲੀ 'ਚ ਜੇਲ੍ਹ ਗਿਆ ਤੀ। ਉਣੰਜਾ 'ਚ ਬਾਹਰ ਆਇਆ।. . . ਉਹ ਜਿਹਨੂੰ ਨਵਾਂ ਭਾਰਤ ਕਹਿੰਦੇ ਤੀ, ਕਿਤੇ ਹੋਰ ਉਸਰ ਗਿਆ।"[23] ਆਜ਼ਾਦੀ ਦੇ ਸੰਘਰਸ਼ ਸਮੇਂ ਚੱਲੀਆਂ ਲੋਕ ਲਹਿਰਾਂ ਵਿਚ ਕਿਸਾਨੀ ਦੀ ਮਹੱਤਵਪੂਰਣ ਭੂਮਿਕਾ ਸੀ। ਇਸ ਲਹਿਰ ਨਾਲ ਜੁੜੇ ਪਰਿਵਾਰਾਂ ਦੇ ਆਦਰਸ਼

ਵਿਸ਼ਵੀਕਰਣ ਦੇ ਵਰਤਾਰੇ ਤੱਕ ਪਹੁੰਚਦਿਆਂ ਗੁੰਮ-ਗਵਾਚ ਜਾਂਦੇ ਹਨ। ਲਾਲ ਸਿੰਘ ਦੀ ਕਹਾਣੀ 'ਗੜ੍ਹੀ ਬਖਸ਼ਾ ਸਿੰਘ' ਵੀ ਇਸ ਵਰਤਾਰੇ ਨੂੰ ਪੇਸ਼ ਕਰਨ ਉੱਪਰ ਕੇਂਦ੍ਰਿਤ ਹੈ। ਇਹ ਕਹਾਣੀ ਖੱਬੇਪੱਖੀ ਲਹਿਰ ਦੇ ਇਤਹਾਸ, ਉਸ ਨਾਲ ਜੁੜੇ ਆਦਰਸ਼ ਅਤੇ ਵਿਅਕਤੀਗਤ ਹਿਤਾਂ ਦੀ ਪੂਰਤੀ ਨੂੰ ਆਪਣੇ ਕਲੇਵਰ ਵਿਚ ਸਮੇਟਦੀ ਹੈ। ਇਸ ਵਿਚੋਂ ਵਿਕਾਸ ਦੇ ਮਹੱਤਵਪੂਰਨ ਪੜਾਅ ਵੱਖ-ਵੱਖ ਬਿੰਦੂ ਬਣ ਕੇ ਉੱਭਰਦੇ ਹਨ। ਕਹਾਣੀ ਵਿਚ ਸੱਤਾ ਦੇ ਕਈ ਪਾਸਾਰ ਮੌਜੂਦ ਹਨ। ਲੋਕ ਹਿਤਾਂ ਲਈ ਸੰਘਰਸ਼ ਕਰਨ ਵਾਲੇ ਲੋਕਾਂ ਵਿਚ ਕੁਝ ਇਕ ਨੇ ਆਪਣੇ ਸੰਘਰਸ਼ ਦੇ ਆਦਰਸ਼ ਕਾਇਮ ਰੱਖੇ ਹਨ ਤੇ ਕੁਝ ਦੇਸ਼ ਭਗਤੀ ਦਾ ਮੁੱਲ ਵਸੂਲਣ ਦੇ ਰਾਹ ਤੁਰ ਪਏ ਹਨ। ਆਦਰਸ਼ਾਂ ਦੇ ਗ਼ੈਰ-ਪ੍ਰਸੰਗਿਕ ਹੋਣ ਤੇ ਟੁੱਟਣ ਦੀ ਪ੍ਰਕ੍ਰਿਆ ਕਹਾਣੀ ਦੇ ਕੇਂਦਰੀ ਪਾਤਰ ਗੁਰਬਖਸ਼ ਸਿੰਘ ਨੂੰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕਰਦੀ ਹੈ। ਆਦਰਸ਼ਾਂ ਦੇ ਟੁੱਟਣ ਨਾਲ ਜੁੜਿਆ ਦੁਖਾਂਤ ਕਹਾਣੀ ਦਾ ਕੇਂਦਰ ਬਿੰਦੂ ਹੈ। ਸਮੁੱਚੀ ਕਹਾਣੀ ਦੀ ਬਣਤਰ ਇਸੇ ਦੁਖਾਂਤ ਦੀ ਪ੍ਰਕ੍ਰਿਆ ਉੱਪਰ ਉਸਰੀ ਹੋਈ ਹੈ। ਜਿਨ੍ਹਾਂ ਲੋਕਾਂ ਨੇ ਆਪਣੇ ਆਦਰਸ਼ਾਂ ਦੀ ਖਾਤਰ ਕੁਰਬਾਨੀਆਂ ਦਿੱਤੀਆਂ ਸਨ, ਜੇਲ੍ਹਾਂ ਵਿਚ ਗਏ ਸਨ। ਉਹ ਕੁਰਬਾਨੀਆਂ ਅਤੇ ਆਦਰਸ਼ ਵਿਸ਼ਵੀਕਰਣ ਦੇ ਦੌਰ ਵਿਚ ਆਪਣੀ ਚਮਕ ਤੇ ਪ੍ਰਾਸੰਗਿਕਤਾ ਗਵਾ ਚੁੱਕੇ ਹਨ ਤੇ ਉਹ ਮਰਜੀਵੜੇ ਇਸ ਦੌਰ ਵਿਚ ਆਪਣੇ ਰਾਹ ਤੋਂ ਭਟਕ ਚੁੱਕੇ ਹਨ। ਗੁਰਬਖਸ਼ ਸਿੰਘ ਇਸ ਸਥਿਤੀ ਦੇ ਦਰਦ ਨੂੰ ਮਾਨਸਿਕ ਤੌਰ 'ਤੇ ਹੰਢਾਉਂਦਾ ਹੈ।

ਕਿਸਾਨੀ ਸਮਾਜ ਬਦਲਦੇ ਜੀਵਨ-ਮੁੱਲਾਂ ਅਨੁਸਾਰ ਕਿਤੇ ਇਨ੍ਹਾਂ ਤਬਦੀਲੀਆਂ ਮੁਤਾਬਕ ਢਲ ਜਾਂਦਾ ਹੈ ਅਤੇ ਕਿਤੇ ਉਹ ਧਿਰਾਂ ਜੜ੍ਹ ਸੰਸਕ੍ਰਿਤੀ ਦੀਆਂ ਰੱਖਿਅਕ ਬਣ ਜਾਂਦੀਆਂ ਹਨ। ਬਲਬੀਰ ਪਰਵਾਨਾ ਇਸ ਡਾਵਾਂਡੋਲ ਮਾਨਸਿਕਤਾ ਨੂੰ 'ਪਿਤਾ' ਕਹਾਣੀ ਦੇ ਮਾਧਿਅਮ ਰਾਹੀਂ ਪੇਸ਼ ਕਰਦਾ ਹੈ। ਇਹ ਕਹਾਣੀ ਪਿਤਾ ਨੂੰ ਰਿਸ਼ਤੇ ਦੀ ਇਕ ਸੰਸਥਾ ਦੇ ਰੂਪ ਵਿਚ ਪੇਸ਼ ਕਰਦੀ ਹੈ। ਇਸ ਕਹਾਣੀ ਵਿਚ ਕਿਸਾਨੀ ਸਮਾਜ, ਖੱਬੇ ਪੱਖੀ ਲਹਿਰ ਤੇ ਉਸਦੀ ਗਤੀਸ਼ੀਲਤਾ ਅਤੇ ਵਿਅਕਤੀ ਦੀ ਬਦਲਦੀ ਭੂਮਿਕਾ ਪ੍ਰਮੁੱਖ ਧੁਨੀ ਬਣਕੇ ਉਭਰੀ ਹੈ। ਇਸ ਕਹਾਣੀ ਦਾ ਮੁੱਖ ਪਾਤਰ ਗਿਆਨ ਸਿੰਘ ਸੰਧੂ ਖੱਬੇ

ਪੱਖੀ ਲਹਿਰ ਦੀ ਚੜ੍ਹਤ ਸਮੇਂ ਜਿਸ ਸਥਾਪਤ ਵਿਵਸਥਾ ਨੂੰ ਚੁਣੌਤੀ ਦਿੰਦਾ ਹੈ, ਆਪਣੀ ਧੀ ਦੇ ਪ੍ਰਸੰਗ ਵਿਚ ਉਸੇ ਵਿਵਸਥਾ ਦੀ ਰਾਖੀ ਦਾ ਪ੍ਰਤੀਕ ਬਣ ਜਾਂਦਾ ਹੈ। ਵਿਦਿਆਰਥੀ ਲਹਿਰ ਦੀ ਚੜ੍ਹਤ ਸਮੇਂ ਉਹ ਆਪਣੀ ਭੈਣ ਦੇ ਅੰਤਰਜਾਤੀ ਵਿਆਹ ਦੀ ਹਮਾਇਤ ਕਰਦਾ ਹੈ, ਪਰੰਤੂ, ਜਦੋਂ ਉਸਦੀ ਧੀ ਆਪਣੇ ਦੋਸਤ ਨਾਲ ਬਗ਼ੈਰ ਵਿਆਹ ਕੀਤੇ ਇਕੱਠੇ ਰਹਿਣ ਦਾ ਫ਼ੈਸਲਾ ਕਰਦੀ ਹੈ ਤਾਂ ਉਸਦੀ ਭੂਮਿਕਾ ਬਦਲ ਜਾਂਦੀ ਹੈ। ਕਹਾਣੀ ਦੀ ਪਹਿਲੀ ਸਥਿਤੀ ਵਿਚ ਉਸਦੀ ਭੂਮਿਕਾ ਅਗਾਂਹਵਧੂ ਸੀ, ''ਬਾਪੂ ਨੇ ਪਹਿਲਾਂ ਹੂੰ-ਹਾਂ ਕੀਤੀ, ਪਰ ਜਦੋਂ ਇਹ ਪਤਾ ਲੱਗਾ ਕਿ ਮੁੰਡਾ ਤਰਖਾਣਾ ਦਾ ਹੈ ਤਾਂ ਉਸਨੇ ਉੱਕਾ ਹੀ ਨਾਂਹ ਕਰ ਦਿੱਤੀ। ਇਹ ਕਿਵੇਂ ਹੋ ਸਕਦਾ ਹੈ? ਸਾਡਾ ਘਰ ਪਿੰਡ ਦੇ ਕਹਿੰਦੇ ਕਹਾਉਂਦੇ ਘਰਾਂ 'ਚੋਂ ਹੈ ਤੇ ਇਥੇ ਤਰਖਾਣ ਸਿਹਰੇ ਬੰਨ ਕੇ ਢੁੱਕੂ . . . ਨਹੀਂ ਬਿਲਕੁਲ ਨਹੀਂ।' ਛੇ ਮਹੀਨੇ ਘਰ 'ਚ ਕੈਂ-ਕੈਂ ਦਾ ਮਾਹੌਲ ਰਿਹਾ। ਮੇਰੇ 'ਤੇ ਵੀ ਕਈ ਤਰ੍ਹਾਂ ਦੀਆਂ ਉਂਗਲਾਂ ਉੱਠਣ ਲੱਗੀਆਂ, ਪਰ ਮੈਂ ਡੋਲਿਆ ਨਾ। ਸਗੋਂ ਜਿੰਨਾ ਜ਼ਿਆਦਾ ਵਾ-ਵੇਲਾ ਉੱਠਦਾ ਗਿਆ ਓਨਾ ਹੀ ਮੈਂ ਰਵਿੰਦਰ ਨਾਲ ਵਧੇਰੇ ਦ੍ਰਿੜ ਹੁੰਦਾ ਗਿਆ।''[24] ਉਹੀ ਗਿਆਨ ਸਿੰਘ ਸੰਧੂ ਬਦਲ ਰਹੀਆਂ ਪ੍ਰਸਥਿਤੀਆਂ ਵਿਚ ਧੀ ਦੀਆਂ ਖ਼ਾਹਿਸ਼ਾਂ ਦੇ ਹਾਣ ਦਾ ਹੋਣ ਤੋਂ ਬਹੁਤ ਪਰ੍ਹੇ ਰਹਿ ਜਾਂਦਾ ਹੈ। ਕਹਾਣੀ ਵਿਚਲਾ ਮਸਲਾ ਅਗਾਂਹਵਧੂ ਕਿਸਾਨੀ ਸਮਾਜ ਅੰਦਰ ਅੰਤਰਜਾਤੀ ਵਿਆਹ ਦਾ ਨਹੀਂ, ਸਗੋਂ ਵਿਆਹ ਦੇ ਰਿਸ਼ਤੇ ਵਿਚ ਬੱਝਣ ਦੀ ਥਾਂ ਬਰਾਬਰੀ ਦੇ ਰਿਸ਼ਤੇ ਵਿਚ ਬੱਝ ਕੇ ਇਕੱਠੇ ਰਹਿਣ ਦਾ ਹੈ। ਕਿਸਾਨੀ ਦੀ ਮਾਨਸਿਕਤਾ ਵਿਚ ਅਜਿਹੇ ਰਿਸ਼ਤੇ ਦਾ ਕੋਈ ਸੰਕਲਪ ਹੀ ਨਹੀਂ ਹੈ। ਇਸ ਸਥਿਤੀ ਵਿਚ ਪਹੁੰਚ ਕੇ ਗਿਆਨ ਸਿੰਘ ਸੰਧੂ ਭਰਾ ਦੀ ਥਾਂ ਪਿਤਾ ਵਿਚ ਬਦਲ ਜਾਂਦਾ ਹੈ। ਕਿਸਾਨੀ ਸਮਾਜਚਾਰੇ ਵਿਚਲੀ ਇਹ ਸਥਿਤੀ ਨਵੇਂ ਪਰਿਪੇਖ ਵਿਚ ਨਵੇਂ ਪ੍ਰਸ਼ਨ ਪੈਦਾ ਕਰਦੀ ਹੈ।

ਖੇਤੀ ਅਰਥਚਾਰੇ 'ਤੇ ਆਧਾਰਿਤ ਪੇਂਡੂ ਸਮਾਜ ਵਿਚ ਮਾਨਵੀ ਰਿਸ਼ਤਿਆਂ ਨੂੰ ਲੈ ਕੇ ਵਿਅਕਤੀਵਾਦ ਅਤੇ ਉਪ-ਸਭਿਆਚਾਰਾਂ ਵਿਚੋਂ ਉਪਜਿਆ ਟਕਰਾਅ ਸੰਕਟ ਦਾ ਕਾਰਣ ਬਣ ਰਿਹਾ ਹੈ। ਇਨ੍ਹਾਂ ਦੋਹਾਂ ਵਰਤਾਰਿਆਂ ਪਿੱਛੇ ਪੇਂਡੂ ਸਮਾਜ ਵਿਚ ਪ੍ਰਵੇਸ਼ ਕਰ ਗਈਆਂ ਪੈਸਾ ਆਧਾਰਿਤ ਕਦਰਾਂ-ਕੀਮਤਾਂ

ਹਨ। ਸਾਂਵਲ ਧਾਮੀ ਦੀ ਕਹਾਣੀ 'ਤੂੰ ਨਿਹਾਲਾ ਨਾ ਬਣੀ' ਇਸ ਸੰਕਟ ਨੂੰ ਪੇਸ਼ ਕਰਦੀ ਹੈ। ਪੱਛੜੇ ਸਮਾਜ ਵਿਚੋਂ ਉਭਰੇ ਨਵੇਂ ਸਮਾਜਕ ਵਰਗ ਨੇ ਆਪਣੇ-ਆਪ ਨੂੰ ਭਾਈਚਾਰਕ ਤਾਣੇ-ਬਾਣੇ ਦੀਆਂ ਮਾਨਵੀ ਕੀਮਤਾਂ ਨੂੰ ਛੱਡ ਕੇ ਵਿਅਕਤੀਵਾਦ ਵਿਚ ਉਲਝਾਅ ਲਿਆ ਹੈ। ਇਹ ਵਰਤਾਰਾ ਕਿਸਾਨੀ ਵਿਚ ਸੰਕਟ ਦਾ ਕਾਰਣ ਬਣ ਰਿਹਾ ਹੈ। ਬਿਰਤਾਂਤਕਾਰ ਇਹ ਕਹਾਣੀ ਆਪਣੀ ਪਤਨੀ ਨੂੰ ਸੁਣਾਉਂਦਾ ਹੈ। ਸਮੁੱਚੇ ਬਿਰਤਾਂਤ ਵਿਚ ਦੁਖਾਂਤ ਦਾ ਤਰਕ ਮੌਜੂਦ ਹੈ, ਪਰ ਅੰਤ ਵਿਚ ਇਹ ਕਹਾਣੀ ਇਕ ਸੁਖਾਂਤ ਵੱਲ ਮੋੜ ਕੱਟਦੀ ਹੈ, "ਮੈਂ ਨਿਹਾਲਾ ਨਹੀਂ ਬਣਨਾ।" ਆਖਰ ਇਕ ਦਿਨ ਮੇਰੇ ਮੂੰਹੋਂ ਮੱਲੋ-ਜ਼ੋਰੀ ਇਹ ਲਫ਼ਜ਼ ਨਿਕਲ ਗਏ ਸਨ।

ਫਿਰ ਉਹ ਮੈਥੋਂ ਵਾਰ-ਵਾਰ ਨਿਹਾਲੇ ਬਾਰੇ ਪੁੱਛਣ ਲੱਗ ਪਈ ਸੀ। ਨਿਹਾਲੇ ਦੀ ਕਹਾਣੀ ਸੁਣਾ ਕੇ ਖਹਿੜਾ ਛੁਡਾਉਣਾ ਪਿਆ ਸੀ ਆਖਰ। ਕਹਾਣੀ ਮੁੱਕੀ ਤਾਂ ਉਹਦੀਆਂ ਅੱਖਾਂ 'ਚ ਅੱਥਰੂ ਸਨ। ਉਹ ਦਿਨ ਅਤੇ ਅੱਜ ਦਾ ਦਿਨ ਵੀਰੇ ਨਾਲੋਂ ਅੱਡ ਹੋਣ ਦੀ ਗੱਲ ਮੁੜ ਕਦੇ ਨਹੀਂ ਕੀਤੀ ਉਹਨੇ।[25] ਇਸ ਤਰ੍ਹਾਂ ਇਸ ਕਹਾਣੀ ਵਿਚ ਸਾਂਝੀ ਪਰਿਵਾਰਕ ਪ੍ਰਣਾਲੀ ਦੇ ਟੁੱਟਣ ਵਿਚੋਂ ਉਪਜੇ ਦੁਖਾਂਤ ਦੀ ਪੇਸ਼ਕਾਰੀ ਹੈ। ਇਸ ਦੁਖਾਂਤ ਵਿਚ ਦੋ ਧਿਰਾਂ ਆਹਮੋ-ਸਾਹਮਣੇ ਹਨ। ਇਕ ਧਿਰ ਨਿਹਾਲੇ ਵਰਗਿਆਂ ਦੀ ਹੈ ਤੇ ਦੂਸਰੀ ਮਾਨਵੀ ਮੁੱਲਾਂ ਨਾਲ ਜੁੜੀ ਸਾਂਝੀ ਆਰਥਿਕਤਾ ਵਾਲੀ। ਇਸ ਵਿਵਸਥਾ ਦੀਆਂ ਜੜ੍ਹਾਂ ਪਿੰਡ ਦੇ ਅਰਥਚਾਰੇ ਵਿਚ ਪੈਦਾ ਹੋਏ ਨਵੇਂ ਕਾਰਕਾਂ ਵਿਚ ਮੌਜੂਦ ਹਨ। "ਹਰੇ ਇਨਕਲਾਬ ਦੇ ਦੌਰ ਵਿਚ ਸਾਂਝੀ ਪਰਿਵਾਰਕ ਪ੍ਰਣਾਲੀ ਟੁੱਟੀ ਅਤੇ ਉਸਦੀ ਥਾਂ ਨਿਊਕਲੀਅਰ ਪਰਿਵਾਰਕ ਪ੍ਰਣਾਲੀ ਨੇ ਲੈ ਲਈ। ਸਮਾਜਕ ਰਿਸ਼ਤੇ ਪਹਿਲਾਂ ਨਾਲੋਂ ਕਿਤੇ ਵੱਧ ਪਦਾਰਥਵਾਦੀ ਹੋ ਗਏ। ਫ਼ਲਸਰੂਪ ਪਹਿਲਾਂ ਵਾਲੀ ਅਪਣੱਤ, ਮੋਹ-ਪਿਆਰ, ਸ਼ਰਮ-ਲਿਹਾਜ਼ ਨਹੀਂ ਰਹੇ।"[26] ਹਰੇ ਇਨਕਲਾਬ ਨੇ ਪੰਜਾਬ ਦੇ ਸਥਾਪਿਤ ਮਾਨਵੀ ਮੁੱਲਾਂ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ। ਸਾਹਿਤ ਨੇ ਆਮ ਕਰਕੇ ਤੇ ਨਿੱਕੀ ਕਹਾਣੀ ਨੇ ਵਿਸ਼ੇਸ਼ ਕਰਕੇ ਮਾਨਵੀ ਮੁੱਲਾਂ ਦੇ ਸਿਰਜਣਾਤਮਕ ਪੱਖ ਨੂੰ ਉਜਾਗਰ ਕੀਤਾ। ਸਾਂਵਲ ਧਾਮੀ ਆਪਣੀ ਇਸ ਕਹਾਣੀ ਵਿਚ ਜਿੱਥੇ ਨਿਹਾਲੇ ਦਾ ਨਿਖੇਧਾਤਮਕ ਰੂਪ ਪੇਸ਼

ਕਰਦਾ ਹੈ ਉਥੇ ਮਾਨਵੀ ਮੁੱਲਾਂ ਨਾਲ ਜੁੜੇ ਸਮੂਹਿਕ ਅਵਚੇਤਨ ਦਾ ਵਿਹਾਰ ਵੀ ਬਿਰਤਾਂਤ ਦਾ ਪ੍ਰਮੁੱਖ ਤੱਤ ਬਣਦਾ ਹੈ, ''ਇਕ ਸ਼ਾਮ ਉਹ ਆਇਆ ਤੇ ਆਪਣਾ ਨਿੱਕ-ਸੁੱਕ ਚੁੱਕ ਕੇ ਲੈ ਗਿਆ। ਏਹ ਆਖ ਕੇ ਉਦ੍ਹੀ ਬਦਲੀ ਅੰਬਾਲੇ ਦੀ ਹੋ ਗਈ ਏ, ਪਰ ਸਿਗ੍ਹਾ ਉਹ ਜਲੰਧਰ ਈ। ਕਿਸੇ ਪੁਲਸ ਅਫਸਰ ਨੇ ਉਹਨੂੰ ਘਰ ਜਵਾਈ ਬਣਾ ਲਿਆ ਸੀ। ਏਸ ਸ਼ਰਤ 'ਤੇ ਕਿ ਉਹ ਆਪਣੇ ਗਰੀਬ ਅਤੇ ਅਨਪੜ੍ਹ ਭਰਾਵਾਂ ਨਾਲ ਕਦੇ ਕੋਈ ਵਾਸਤਾ ਨਹੀਂ ਰੱਖੇਗਾ। ਜਦ ਕਈ ਮਹੀਨਿਆਂ ਵਿਚ ਸਚਾਈ ਸਾਹਮਣੇ ਆਈ ਤਾਂ ਪੂਰੇ ਪਿੰਡ 'ਚ ਉਹਦੀ ਥੂਹ-ਥੂਹ ਹੋਈ।''[27]

ਕਹਾਣੀ ਵਿਚਲਾ ਸੰਕਟ ਦੋ ਪਰਿਵਾਰਾਂ ਵਿਚ ਨਾਲੋਂ-ਨਾਲ ਚਲਦਾ ਹੈ। ਨਵੀਂ ਪੀੜ੍ਹੀ ਵਿਚਲਾ ਬਿਰਤਾਂਤਕਾਰ ਨਿਹਾਲੇ ਦੀ ਕਥਾ ਰਾਹੀਂ ਆਪਣੇ ਸੰਭਾਵਿਤ ਸੰਕਟ ਨੂੰ ਟਾਲਦਾ ਹੈ। ਕਹਾਣੀ ਉਪਦੇਸ਼ਾਤਮਕ ਵਿਧੀ ਨਾਲ ਖ਼ਤਮ ਹੁੰਦੀ ਹੈ, ''ਮਾਂ ਜਾਏ ਵੀਰ, ਲੱਖੀ ਨਾ ਹਜ਼ਾਰੀ। ਬੰਦਾ ਦੋ ਦੀ ਥਾਂ ਇਕ ਖਾ ਲਏ, ਚੁਬਾਰਿਆਂ ਦੀ ਥਾਂ ਢਾਰਿਆਂ 'ਚ ਰਹਿ ਲਏ, ਪਰ ਮੇਰੇ ਵਾਂਗ . . .। ਉਹਦਾ ਗੱਚ ਭਰ ਆਇਆ ਤੇ ਉਹ ਕੁਝ ਨਾ ਬੋਲ ਸਕਿਆ।

''ਉਹ ਦੇਖਦਾ ਏਂ ਨਾ ਵੀਰੇ ਦਾ ਸਿਵਾ. . . ਮੈਂ. . . ਮੈਂ. . . ਤਾਂ ਮੌਤ ਤੱਕ ਉਸ ਵਾਂਗ ਧੁਖਣੈ। ਪਰ ਮੇਰੇ ਵਾਂਗ. . .।'' ਇਹ ਆਖਦਾ ਉਹ ਪੈਰ ਘਸੀਟਦਾ ਤੁਰ ਪਿਆ ਸੀ। ਕੁਝ ਕਦਮਾਂ ਬਾਅਦ ਉਹ ਚਾਣਚੱਕ ਰੁਕਦਿਆਂ ਮੂੰਹ ਘੁਮਾ ਕਿ ਬੋਲਿਆ ਸੀ, ''ਤੂੰ ਨਿਹਾਲਾ ਨਾ ਬਣੀ।''[28]

ਕਿਸਾਨੀ ਸਮਾਜ ਵਿਚ ਹਰੇ ਇਨਕਲਾਬ ਤੋਂ ਬਾਅਦ ਪੈਦਾ ਹੋਏ ਮੱਧ-ਵਰਗ ਵਿਚ ਇਹ ਸਮਾਜਕ ਸੰਕਟ ਉਭਰ ਕੇ ਸਾਹਮਣੇ ਆਇਆ ਹੈ। ਇਹ ਮੱਧ-ਵਰਗ ਆਪਣੀਆਂ ਜੜ੍ਹਾਂ ਨਾਲੋਂ ਟੁੱਟ ਕੇ ਆਪਣੇ ਸੰਬੰਧ ਉਪਰਲੇ ਮੱਧ-ਵਰਗ ਨਾਲ ਸਥਾਪਿਤ ਕਰ ਲੈਂਦਾ ਹੈ। ਸੰਬੰਧਾਂ ਦੇ ਟੁੱਟਣ ਦੀ ਇਹ ਪੀੜ ਨਿਰੰਤਰ ਉਸਦੀ ਮਾਨਸਿਕਤਾ ਦਾ ਹਿੱਸਾ ਬਣੀ ਰਹਿੰਦੀ ਹੈ ; ਸਭਿਆਚਾਰਕ ਰੂਪਾਂਤਰਣ ਦੀ ਪ੍ਰਕ੍ਰਿਆ ਵਿਚ ਜਾਗੀਰਦਾਰੀ ਵਿਵਸਥਾ ਦੀਆਂ ਬਚੀਆਂ ਮਾਨਵੀ ਕਦਰਾਂ-ਕੀਮਤਾਂ ਪੂੰਜੀਵਾਦੀ ਵਿਵਸਥਾ ਵਿਚ ਮੰਡੀ ਦਾ ਹਿੱਸਾ ਬਣਕੇ ਮਾਨਵੀ ਮੁੱਲਾਂ ਤੋਂ ਵਿਛੁੰਨੀਆਂ ਜਾਂਦੀਆਂ ਹਨ। ਇਹ

ਮਕੈਨਿਕਸ ਜਦੋਂ ਸਾਹਿਤ ਵਿਚ ਵਟਦੀ ਹੈ ਤਾਂ ਮਾਨਵੀ ਮੁੱਲਾਂ ਦੀ ਪੀੜ ਬਣਕੇ ਉਭਰਦੀ ਹੈ।[29] ਕਿਸਾਨੀ ਸਮਾਜ ਦੇ ਇਸ ਹਿੱਸੇ ਦੀ ਪੀੜਾ ਜਸਵਿੰਦਰ ਸਿੰਘ ਦੀ ਕਹਾਣੀ 'ਖੂਹ ਖਾਤੇ' ਦੇ ਆਰ-ਪਾਰ ਫੈਲੀ ਹੋਈ ਹੈ। ਇਸ ਕਹਾਣੀ ਵਿਚ ਭੁਪਿੰਦਰ ਸਿੰਘ ਗਰੇਵਾਲ, ਰਾਜਵਿੰਦਰ ਰੋਜ਼ੀ ਅਤੇ ਬਚਨ ਸਿੰਘ ਤਿੰਨ ਪਾਤਰ ਸਭਿਆਚਾਰਕ ਰੂਪਾਂਤਰਣ ਸਮੇਂ ਉਪ-ਸਭਿਆਚਾਰਾਂ ਦੇ ਟਕਰਾਅ ਦੇ ਤਿੰਨ ਕੋਨਿਆਂ ਉੱਤੇ ਖੜੇ ਹਨ। ਭੁਪਿੰਦਰ ਸਿੰਘ ਮਾਨਵੀ ਮੁੱਲਾਂ ਦਾ ਧਾਰਨੀ ਹੈ ਤੇ ਮਾਮਾ ਬਚਨ ਸਿੰਘ ਮੋਹ ਦੇ ਰਿਸ਼ਤੇ ਵਿਚ ਬੱਝਿਆ ਹੋਇਆ ਹੈ। ਸ਼ਹਿਰੀ ਮੱਧ-ਵਰਗ ਦੀ ਵਿਅਕਤੀਵਾਦੀ ਮਾਨਸਿਕਤਾ ਨਾਲ ਜੁੜੀ ਸਾਬਕਾ ਮੰਤਰੀ ਦੀ ਭਤੀਜੀ ਆਪਣੇ ਪਤੀ ਭੁਪਿੰਦਰ ਸਿੰਘ ਗਰੇਵਾਲ ਨੂੰ ਮਾਮੇ ਦੀ ਸਹਾਇਤਾ ਕਰਨ ਤੋਂ ਹੀਂ ਨਹੀਂ ਰੋਕਦੀ, ਸਗੋਂ ਬਜ਼ੁਰਗੀ ਤੇ ਰਿਸ਼ਤੇ ਦਾ ਲਿਹਾਜ਼ ਕਰਨ ਤੋਂ ਵੀ ਇਨਕਾਰੀ ਹੈ। ਕਹਾਣੀਕਾਰ ਪਿੰਡ ਦੇ ਕਿਸਾਨੀ ਵਾਲੇ ਆਰਥਕ ਤੇ ਸਮਾਜਕ ਪਿਛੋਕੜ ਵਿਚੋਂ ਉੱਠ ਕੇ ਅਫ਼ਸਰਸ਼ਾਹੀ ਦਾ ਹਿੱਸਾ ਬਣੇ ਮੱਧ-ਵਰਗ ਦਾ ਜੀਵਨ ਚਿਤਰ ਉਲੀਕਦਾ ਹੈ। ਸ਼ਹਿਰ ਦਾ ਸਾਫ਼-ਸੁਥਰਾ ਖੁੱਲ੍ਹਾ ਏਰੀਆ, ਚੌੜੀਆਂ ਪੱਕੀਆਂ ਸੜਕਾਂ. . . ਵੱਡੇ ਅਫ਼ਸਰਾਂ ਦੇ ਬੰਗਲਿਆਂ ਦੀ ਲੰਮੀ ਕਤਾਰ. . .। ਸਰਦਾਰ ਭੁਪਿੰਦਰ ਸਿੰਘ ਗਰੇਵਾਲ, ਐਕਸੀਅਨ ਸਿੰਚਾਈ ਵਿਭਾਗ ਦਾ ਸਜਿਆ ਸੰਵਰਿਆ ਘਰ।[30] ਸਮੁੱਚੀ ਤਸਵੀਰ ਉਨ੍ਹਾਂ ਪਦਾਰਥਕ ਸਾਧਨਾਂ ਦੀ ਹੈ ਜਿਨ੍ਹਾਂ ਵਿਚੋਂ ਮੰਡੀ ਸਭਿਆਚਾਰ ਆਧਾਰਿਤ ਵਿਅਕਤੀਵਾਦ ਉਭਰ ਰਿਹਾ ਹੈ। ਵਿਅਕਤੀਵਾਦੀ ਜੀਵਨ-ਜਾਚ ਦੇ ਇਹ ਚਿਨ੍ਹ ਰੋਜ਼ੀ ਦੇ ਵਿਹਾਰ ਵਿਚੋਂ ਉਭਰਦੇ ਹਨ। ਰੋਜ਼ੀ ਲਈ ਘਰ ਆਇਆ ਬਜ਼ੁਰਗ ਮਾਮਾ ਕੋਈ ਅਰਥ ਨਹੀਂ ਰਖਦਾ, ਜਿਸਦੇ ਸਹਾਰੇ ਨਾਲ ਭੁਪਿੰਦਰ ਸਿੰਘ ਗਰੇਵਾਲ ਇਸ ਮੁਕਾਮ 'ਤੇ ਪਹੁੰਚਿਆ ਹੈ। ਭੁਪਿੰਦਰ ਸਿੰਘ ਗਰੇਵਾਲ ਨੂੰ ਇਸਦਾ ਅਹਿਸਾਸ ਹੈ, ਪਰ ਉਹ ਰੋਜ਼ੀ ਦੇ ਵਿਹਾਰ ਸਾਹਮਣੇ ਚੁੱਪ ਰਹਿਣ ਲਈ ਮਜਬੂਰ ਹੈ। ਬਚਨ ਸਿੰਘ ਆਪਣੀ ਭਾਣਜ-ਨੂੰਹ ਵੱਲੋਂ ਵਿਖਾਏ ਅਣਗਹਿਲੀ ਦੇ ਵਿਹਾਰ ਕਾਰਨ ਦੁਖੀ ਹੈ। ਬਚਨ ਸਿੰਘ ਹੀ ਨਹੀਂ ਕਿਸਾਨੀ ਦਾ ਸਮੁੱਚਾ ਅਜਿਹਾ ਵਰਗ ਅਜਿਹੇ ਰਿਸ਼ਤਿਆਂ ਵਿਚ ਬੇ-ਗਾਨਗੀ ਭੋਗ ਰਿਹਾ ਹੈ। ਜਸਵਿੰਦਰ ਸਿੰਘ ਇਸ ਵਰਗ ਦੀ ਪੀੜ ਨੂੰ ਬਚਨ

ਸਿੰਘ ਦੇ ਪਾਤਰ ਰਾਹੀਂ ਉਭਾਰਦਾ ਹੈ, ''ਬਜ਼ੁਰਗ ਤਿਲਮਿਲਾਇਆ। ਧੁਰ ਅੰਦਰੋਂ ਵਿਨ੍ਹਦੀ ਚੀਸ ਉੱਠੀ। ਪਹਿਲਾਂ ਹੀ ਡੋਲਦੇ ਮਨ 'ਤੇ ਸੱਜਰੀ ਨਮੋਸ਼ੀ ਦੇ ਭਾਰ ਨਾਲ ਡੋਲਦੇ ਕਦਮੀਂ ਉਹ ਵਾਪਸ ਪਰਤ ਗਿਆ। ਓਪਰਿਆਂ ਵਾਂਗੂੰ ਵੀਰਾਨ ਅੱਖੀਂ ਉਹ ਮੁੜ ਨਵੇਂ ਸਿਰਿਓਂ ਘਰ, ਕੋਠੀ ਤੇ ਮੋਕਲੇ ਵਿਹੜੇ ਨੂੰ ਨਿਹਾਰਿਆ। ਕੀ ਇਹ ਭੁਪਿੰਦਰ ਦਾ ਹੀ ਘਰ ਹੈ? ਕੀ ਕਾਰ 'ਚੋਂ ਨਿਕਲੀ ਤੀਵੀਂ ਭੁਪਿੰਦਰ ਦੀ ਹੀ ਬਹੂ ਹੈ? ਬੇਹਿਸ ਮਨ ਨੂੰ ਏਹ ਕੂੜਾ ਝੂਠ ਜਾਪਿਆ ਸੁਪਨੇ ਹਾਰ. . .।''[31]

ਕਹਾਣੀਕਾਰ ਪਰੰਪਰਾਗਤ ਪੇਂਡੂ ਕਿਸਾਨੀ ਸਭਿਆਚਾਰ ਅਤੇ ਸ਼ਹਿਰੀਕਰਣ ਦੀ ਪ੍ਰਕ੍ਰਿਆ ਅਧੀਨ ਪੈਦਾ ਹੋਏ ਸਭਿਆਚਾਰ ਦੇ ਵੱਖੋ-ਵੱਖਰੇ ਸਿਰਿਆਂ 'ਤੇ ਖੜ੍ਹੇ ਪਾਤਰਾਂ ਦੀ ਮਨੋ-ਸਥਿਤੀ ਨੂੰ ਪੇਸ਼ ਕਰਦਾ ਹੈ। ਲੇਖਕ ਦੋਹਾਂ ਸਥਿਤੀਆਂ ਨੂੰ ਸਮਾਨਾਂਤਰ ਰੂਪ ਵਿਚ ਉਭਾਰਦਾ ਹੈ। ਪਹਿਲੀ ਸਥਿਤੀ ਬਚਨ ਸਿੰਘ ਦੀ ਹੈ ਤੇ ਦੂਜੀ ਧਿਰ ਰੋਜ਼ੀ ਦੀ ਹੈ। ਇਨ੍ਹਾਂ ਦੋਹਾਂ ਵਿਚਕਾਰ ਭੁਪਿੰਦਰ ਸਿੰਘ ਹੈ, ਜਿਸਦੀ ਹੋਂਦ ਗੁੰਮ-ਗੁਆਚ ਰਹੀ ਹੈ। ਕਹਾਣੀਕਾਰ ਕਿਸਾਨੀ ਦੇ ਪਰੰਪਰਾਗਤ ਬਲਸ਼ਾਲੀ ਮੋਹ ਦੇ ਅਵਚੇਤਨ ਨੂੰ ਸਥਿਤੀਆਂ ਦੇ ਸਨਮੁੱਖ ਟੁੱਟਦੇ-ਤਿੜਕਦੇ ਹੋਏ ਚਿਤਰਦਾ ਹੈ। ਬਚਨ ਸਿੰਘ ਆਪਣੇ ਕੀਤੇ ਅਹਿਸਾਨਾਂ ਦਾ ਅਹਿਸਾਸ ਦੱਬਵੀਂ ਸੁਰ ਵਿਚ ਕਰਵਾਉਂਦਾ ਹੈ, ''ਵਿਚੋਂ ਟੋਕਦਿਆਂ ਬਚਨ ਸਿੰਘ ਰੁੱਖੇ ਲਹਿਜ਼ੇ ਵਿਚ ਕਰੜੀ ਵਾਜੇ ਬੋਲਿਆ, ''ਨਹੀਂ ਸਰਦਾਰ ਸਾਹਿਬ ਤੁਸੀਂ ਅਰਾਮ ਕਰੋ। ਪਿੰਡ ਫ਼ਿਕਰ ਕਰਦੇ ਹੋਣਗੇ. . .। ਰੁਕ ਕੇ ਮੈਂ ਕੀ ਕਰਨੈ? . . . ਤੂੰ ਆਪਣੀ ਗੱਡੀ ਰੇੜ੍ਹ. . . ਮੈਂ ਚੱਲਦਾਂ।''[32] ਇਹ ਕਿਸਾਨੀ ਦੇ ਉਸ ਹਿੱਸੇ ਦਾ ਪ੍ਰਤਿਕਰਮ ਹੈ ਜਿਹੜਾ ਰਿਸ਼ਤਿਆਂ ਵਿਚਲੀ ਨਿੱਘ ਖ਼ਤਮ ਹੋਣ ਦੇ ਅਹਿਸਾਸਾਂ ਨਾਲ ਭਰਿਆ ਪਿਆ ਹੈ। ਉਹ ਪਦਾਰਥਕ ਕਦਰਾਂ-ਕੀਮਤਾਂ ਆਧਾਰਿਤ ਜੀਵਨ-ਜਾਚ ਨੂੰ ਚੁਣੌਤੀ ਦੇਂਦਾ ਹੈ, ਰੱਦ ਕਰਦਾ ਹੈ। ਇਸ ਤਰ੍ਹਾਂ ਇਹ ਕਹਾਣੀ ਕਿਸਾਨੀ ਸਮਾਜ ਨੂੰ ਦਰਪੇਸ਼ ਨਵੀਂ ਚੁਣੌਤੀ ਨੂੰ ਸੰਬੋਧਿਤ ਹੈ।

ਕਿਸਾਨੀ ਸਮਾਜ ਵਿਚ ਆਰਥਿਕਤਾ ਦਾ ਮੁੱਖ ਆਧਾਰ ਖੇਤੀ ਹੋਣ ਜ਼ਮੀਨ ਸਿਰਫ਼ ਰੋਜ਼ੀ-ਰੋਟੀ ਦਾ ਸਾਧਨ ਮਾਤਰ ਨਹੀਂ, ਸਗੋਂ ਕਿਸਾਨੀ ਦੀ ਸਮਾਜ ਵਿਚ ਪਛਾਣ ਤੇ ਹਸਤੀ ਵੀ ਜ਼ਮੀਨ ਦੀ

ਮਾਲਕੀ ਨਾਲ ਜੁੜੀ ਹੋਈ ਹੁੰਦੀ ਹੈ। ਜ਼ਮੀਨ ਦੀ ਮਾਲਕੀ ਤੋਂ ਬਗੈਰ ਕਿਸਾਨੀ ਨੂੰ ਆਪਣੀ ਹੋਂਦ ਮੁਕੰਮਲ ਨਹੀਂ, ਅਧੂਰੀ ਲਗਦੀ ਹੈ। ਇਹ ਸਥਿਤੀ ਉਸ ਲਈ ਸੰਕਟ ਦਾ ਕਾਰਣ ਬਣ ਜਾਂਦੀ ਹੈ। ਪਰ ਦੂਸਰੇ ਪਾਸੇ ਜ਼ਮੀਨ ਦੀਆਂ ਨਿਰੰਤਰ ਵਧਦੀਆਂ ਕੀਮਤਾਂ ਦੂਸਰੀਆਂ ਧਿਰਾਂ ਨੂੰ ਵੀ ਇਸ ਵੱਲ ਆਕਰਸ਼ਿਤ ਕਰਦੀਆਂ ਹਨ ਤੇ ਉਹ ਕਿਸਾਨੀ ਦੀ ਧਰਮ ਆਧਾਰਿਤ ਮਾਨਸਿਕਤਾ ਦਾ ਫ਼ਾਇਦਾ ਉਠਾਕੇ ਇਸਨੂੰ ਮੁਕਤੀ ਦਾ ਲਾਲਚ ਦੇ ਕੇ ਜ਼ਮੀਨ ਹਥਿਆਉਣ ਦਾ ਯਤਨ ਕਰਦੀਆਂ ਹਨ। ਸੁਖਜੀਤ ਦੀ ਕਹਾਣੀ ‘ਪਾਤਸ਼ਾਹ’ ਅਜਿਹੇ ਹੀ ਮਸਲੇ ਨੂੰ ਸੰਬੋਧਿਤ ਹੈ। ਅਮਰ ਸਿੰਘ ਆਪਣੇ ਧਾਰਮਿਕ ਵਿਸ਼ਵਾਸਾਂ ਕਰਕੇ ਆਪਣਾ ਆਉਣ ਵਾਲਾ ਜੀਵਨ ਸ.ਫਲਾ ਕਰਨ ਲਈ ਜਿਸ ਡੇਰੇ ’ਤੇ ਜਾਂਦਾ ਹੈ ਉਸ ਡੇਰੇ ਦੇ ਪਾਤਸ਼ਾਹ ਦਾ ਜਲੌਅ ਦਹਿਸ਼ਤ ਤੱਕ .ਫ਼ੈਲਿਆ ਹੋਇਆ ਹੈ। ਡੇਰੇ ਦੇ ਵਿਸਥਾਰ ਲਈ ਹਰ ਹੰਭਲਾ ਵਰਤ ਕੇ ਅਮਰ ਸਿੰਘ ਦੀ ਜ਼ਮੀਨ ਹਥਿਆ ਲਈ ਜਾਂਦੀ ਹੈ। ਇਸ ਕਹਾਣੀ ਵਿਚ ਪ੍ਰਮੁੱਖ ਸ਼ੋਸ਼ਿਤ ਧਿਰ ਅਮਰ ਸਿੰਘ ਤੇ ਉਸਦਾ ਪੁੱਤਰ ਅਜੈਬ ਸਿੰਘ ਦੀ ਹੈ। ਅਜੈਬ ਸਿੰਘ ਪੜ੍ਹ-ਲਿਖ ਕੇ ਅਧਿਆਪਕ ਲੱਗ ਜਾਂਦਾ ਹੈ। ਅਮਰ ਸਿੰਘ ਤੇ ਅਜੈਬ ਸਿੰਘ ਦੇ ਡੇਰੇ ਬਾਰੇ ਵਿਚਾਰ ਹੀ ਪਿਉ-ਪੁੱਤਰ ਵਿਚ ਤਣਾਉ ਦਾ ਕਾਰਣ ਬਣਦੇ ਹਨ। ਸੁਖਜੀਤ ਇਸ ਅੰਤਰ ਨੂੰ ਕਹਾਣੀ ਦੇ ਬਿਰਤਾਂਤਕ ਸੰਗਠਨ ਵਿਚੋਂ ਉਭਾਰਦਾ ਹੈ, “ਉਸਦਾ ਬਾਪੂ, ਜਿਹੜਾ ਹੁਣ ਏਸ ਡੇਰੇ ਵਿਚ ਪਾਤਸ਼ਾਹ ਦੇ ਚਰਨੀਂ ਆ ਲੱਗਾ ਸੀ ਤੇ ਉਹਦੇ ਕਹਿਣ ਵਾਂਗੂੰ ਉਸਨੇ ਸਾਰੇ ਦੁਨਿਆਵੀ ਰਿਸ਼ਤੇ ਤਿਆਗ ਦਿੱਤੇ ਸਨ। ਪਾਤਸ਼ਾਹ ਦੀ ਮਿਹਰ ਨਾਲ ਮੋਹ-ਮਾਇਆ ਤੋਂ ਮੁਕਤ ਹੋ ਗਿਆ ਸੀ। ਜੇ ਉਸਨੂੰ ਚਿੰਤਾ ਸੀ ਤਾਂ ਸਿਰਫ਼ ਆਪਣੇ ਪ੍ਰਲੋਕ ਦੀ . . . ਜਿਸ ਜ਼ਮੀਨ ਦੀ ਵੱਟ ਛਾਂਗਣ ਤੇ ਬਾਪੂ ਵੀਹ ਵਾਰੀ ਸ਼ਰੀਕਾਂ ਨਾਲ ਲੜਿਆ ਸੀ। ਉਸਨੇ ਤਾਂ ਆਪਣੀਆਂ ਤਿੰਨੇ ਧੀਆਂ ਇਸ ਲਈ ਲੋੜਕੂ ਘਰਾਂ ’ਚ ਵਿਆਹੀਆਂ ਸਨ ਕਿ ਲੈਣ-ਦੇਣ ਦੇ ਝਮੇਲੇ ’ਚ ਕਿਤੇ ਜ਼ਮੀਨ ਦਾ ਓਰਾ ਨਾ ਰੱਖਣਾ ਪੈ ਜਾਵੇ। ਹੁਣ ਉਹ ਸਾਰੀ ਜ਼ਮੀਨ ਬਾਪੂ ਨੇ ਡੇਰੇ ਨੂੰ ਮੱਥਾ ਟੇਕ ਦਿੱਤੀ ਸੀ। ਸਾਰੀ ਦੀ ਸਾਰੀ। ਅੱਠ ਦੇ ਅੱਠ ਕਿੱਲੇ। ਸੋਚ ਕੇ ਅੰਦਰੋਂ ਲਾਟ ਨਿਕਲਦੀ ਸੀ ਅਜੈਬ ਸਿੰਘ ਦੇ।”[33]

ਇੱਥੇ ਸੁਖਜੀਤ ਛੋਟੀ ਕਿਸਾਨੀ ਦੀ ਮਾਨਸਿਕਤਾ ਅਤੇ ਡੇਰਾ ਸਭਿਆਚਾਰ ਦੇ ਵਿਸਥਾਰ ਮੁਖੀ ਵਿਹਾਰ ਦੀ ਵਿਰੋਧਤਾਈ ਪੇਸ਼ ਕਰਦਾ ਹੈ। ਕਿਸਾਨੀ ਦੀ ਰੋਜ਼ੀ ਤੇ ਸਭਿਆਚਾਰ ਖੇਤੀ ਆਧਾਰਿਤ ਹੋਣ ਕਰਕੇ ਉਹ ਧਰਮ ਨਾਲ ਭਾਵੁਕ ਤੌਰ 'ਤੇ ਅੰਦਰੋਂ ਜੁੜੀ ਹੋਈ ਹੁੰਦੀ ਹੈ। ਡੇਰੇ ਵਾਲੇ ਮੁਕਤੀ ਦੇ ਲਾਲਚ ਹੇਠ ਅਮਰ ਸਿੰਘ ਦੀ ਇਸੇ ਮਾਨਸਿਕਤਾ ਦਾ ਫ਼ਾਇਦਾ ਉਠਾਕੇ ਜ਼ਮੀਨ ਹਥਿਆ ਲੈਂਦੇ ਹਨ। ਜ਼ਮੀਨ ਹਥਿਆਉਣ ਤੋਂ ਪਹਿਲਾਂ ਉਹ ਡੇਰੇ ਵਾਲਿਆਂ ਲਈ ਅਮਰ ਸਿੰਘ ਸੀ, ਪਰ ਬਾਅਦ ਵਿਚ ਅਮਰੂ ਬਣ ਜਾਂਦਾ ਹੈ। ਸੁਖਜੀਤ ਕਿਸਾਨੀ ਦੇ ਸੰਕਟ ਅਤੇ ਡੇਰੇ ਵਾਲਿਆਂ ਦੇ ਅਮਾਨਵੀ ਵਿਹਾਰ ਨੂੰ ਥਾਂ-ਥਾਂ ਉਭਰਦਾ ਹੈ। ਅਜੈਬ ਸਿੰਘ ਦੇ ਡੇਰੇ ਬਾਰੇ ਅਨੁਭਵ ਵਿਚੋਂ ਡੇਰੇ ਵਾਲਿਆਂ ਦਾ ਜਾਬਰ ਤੇ ਅਮਾਨਵੀ ਵਿਹਾਰ ਉਜਾਗਰ ਹੁੰਦਾ ਹੈ। ਡੇਰੇ ਦਾ ਸਾਰਾ ਵਿਹਾਰ ਰੱਹਸਮਈ ਹੈ। ਅਜਿਹੀ ਸਥਿਤੀ ਸਿਰਫ਼ ਅਮਰ ਸਿੰਘ ਦੇ ਪਰਿਵਾਰ ਦੀ ਹੀ ਨਹੀਂ, ਸਗੋਂ ਕਿਸਾਨੀ ਦਾ ਵੱਡਾ ਹਿੱਸਾ ਉਨ੍ਹਾਂ ਦੀਆਂ ਜ਼ਿਆਦਤੀਆਂ ਦਾ ਸ਼ਿਕਾਰ ਹੈ। ਸੁਖਵਿੰਦਰ ਦੀ ਸਥਿਤੀ ਵੀ ਅਜੈਬ ਸਿੰਘ ਦੇ ਪਰਿਵਾਰ ਵਰਗੀ ਹੀ ਹੈ। ਸੁਖਵਿੰਦਰ ਅਜੈਬ ਸਿੰਘ ਦਾ ਵਿਦਿਆਰਥੀ ਹੈ। ਉਹ ਸੰਗਲਾਂ ਨਾਲ ਬੰਨ੍ਹੇ ਅਜੈਬ ਸਿੰਘ ਨਾਲ ਹਮਦਰਦੀ ਰੱਖਦਾ ਹੈ। ਦੋਵੇਂ ਸ਼ੋਸ਼ਿਤ ਧਿਰਾਂ ਹਨ, "ਉਦੋਂ ਪੁੱਛਿਆ ਸੀ ਅਜੈਬ ਸਿੰਘ ਨੇ ਸੁਖਵਿੰਦਰ ਨੂੰ, "ਤੂੰ ਏਥੇ ਕੀ ਕਰਦੈਂ ਬੇਟੇ?" ਅਜੈਬ ਸਿੰਘ ਵੱਲ ਵੇਖ ਕੇ ਫਿੱਕਾ ਜਿਹਾ ਮੁਸਕਰਾਇਆ ਸੀ ਸੁਖਵਿੰਦਰ ਤੇ ਆਖਣ ਲੱਗਾ ਸੀ, "ਪੁਲ ਬੰਨ੍ਹਦੈ ਸਰ ਇਹਨਾਂ ਦੇ. . . ਪ੍ਰੈਸ 'ਚ ਇਨ੍ਹਾਂ ਦੀਆਂ ਕਰਤੂਤਾਂ 'ਤੇ ਪਰਦੇ ਪਾਉਨਾ, ਝੂਠ ਦਾ ਸੱਚ. . . ਤੇ ਸੱਚ ਦਾ ਝੂਠ ਬਣਾਈ ਜਾਨਾ. . .।" ਫਿਰ ਠੰਢਾ ਸਾਹ ਭਰ ਕੇ ਆਖਣ ਲੱਗਾ ਸੀ, "ਸਾਡੇ ਪੰਜ ਕਿੱਲੇ ਜ਼ਮੀਨ ਸੀ ਸਰ ਇੱਥੇ, ਡੇਰੇ ਦੇ ਨਾਲ ਲਗਦੀ. . . ਇਨ੍ਹਾਂ ਕਈ ਸਾਲ ਪਹਿਲਾਂ ਡੇਰੇ ਵਿਚ ਰਲਾ ਲਈ ਸੀ... ਕਹਿੰਦੇ ਸੀ ਬੇਟ ਵਿਚ ਦੁੱਗਣੀ ਦਿਆਂਗੇ. . . ਮੇਰਾ ਬਾਪੂ ਸਰ. . . ਬੇਟ ਦੀ ਤਿਆਰੀ ਕਰਦਾ ਹੀ ਪੂਰਾ ਹੋ ਗਿਆ. . . ਬੇਬੇ ਮੇਰੀ ਲੰਗਰ 'ਚ ਸੇਵਾ ਕਰਦੀ ਐ. . . ਭਰਾ ਮੇਰਾ ਇਕ ਡੇਰੇ 'ਚ ਖੇਤੀ ਕਰਦੈ ਇਨ੍ਹਾਂ ਦੀ . . . ਇਕ ਇਨ੍ਹਾਂ ਦੇ ਡੰਗਰ ਸਾਂਭਦੈ. . .।"[34]

ਧਰਮ ਦੇ ਨਾਂ ਥੱਲੇ ਹੁੰਦੀ ਕਿਸਾਨੀ ਦੀ ਲੁੱਟ ਭਾਵੇਂ ਇਸ ਕਹਾਣੀ ਦੇ ਕੇਂਦਰ ਵਿਚ ਹੈ। ਇਹ ਲੁੱਟ ਸਿਰਫ਼ ਆਰਥਿਕਤਾ ਤੱਕ ਸੀਮਤ ਨਹੀਂ, ਸਗੋਂ ਕਿਸਾਨੀ ਦੇ ਮਾਨਸਿਕ ਤੇ ਜਿਸਮਾਨੀ ਸ਼ੋਸ਼ਣ ਤੱਕ ਪੱਸਰੀ ਹੋਈ ਹੈ। ਲੁੱਟ ਦਾ ਇਹ ਵਰਤਾਰਾ ਕਿਸਾਨੀ ਦੀ ਮਾਨਸਿਕਤਾ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕਰਦਾ ਹੈ। ਉਹ ਆਰਥਕ ਪੱਧਰ ਉੱਤੇ ਤਾਂ ਲੁੱਟ ਦਾ ਸ਼ਿਕਾਰ ਹੁੰਦਾ ਹੈ, ਪਰ ਮਾਨਸਿਕ ਪੱਧਰ ਉੱਤੇ ਇਸ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ। ਅਜੈਬ ਸਿੰਘ ਦੇ ਪਿਓ ਅਮਰ ਸਿੰਘ ਤੋਂ ਡੇਰੇ ਵਾਲੇ ਜ਼ਮੀਨ ਦੀ ਰਜਿਸਟਰੀ ਤਾਂ ਕਰਵਾ ਲੈਂਦੇ ਹਨ, ਪਰ ਅਜੈਬ ਸਿੰਘ ਮਾਨਸਿਕ ਤੌਰ ’ਤੇ ਇਸ ਨੂੰ ਸਵੀਕਾਰ ਨਹੀਂ ਕਰਦਾ। ਇਸੇ ਲਈ ਉਹ ਪਾਤਸ਼ਾਹ ਨੂੰ ਚੁਣੌਤੀ ਦੇਂਦੇ ਹੋਇਆ ਕਹਿੰਦਾ ਹੈ, “ਗੱਲ ਸੁਣ ਛੋਟੇ ਪਾਤਸ਼ਾਹ ਜਾਹ ਕਹਿ ਦੇ ਆਪਣੇ ਓਸ ਵੱਡੇ ਪਾਤਸ਼ਾਹ ਨੂੰ ਕਿ ਪਾਤਸ਼ਾਹ ਓਹ ਨਹੀਂ . . . ਮੈਂ ਹਾਂ ਮੈਂ. . . ਮੈਂ ਅਜੈਬ ਸਿੰਘ ਪੁੱਤਰ ਅਮਰ ਸਿੰਘ ਪੁੱਤਰ ਅਰਜਣ ਸਿੰਘ ਵਾਸੀ ਲਖਣਪੁਰ ਤਹਿਸੀਲ ਸਮਰਾਲਾ ਤੇ ਜ਼ਿਲ੍ਹਾ ਲੁਧਿਆਣਾ ਤੇ ਸੁਣ ਇਕ ਗੱਲ ਹੋਰ ਸੁਣ. . .। ਓਸਦੀ ਬੁਲੰਦ ਆਵਾਜ਼ ਨੇ ਬਾਬਾ ਦਿਆ ਸਿੰਘ ਦੀ ਸੁਣੋ ਸੁਣੋ ਦੀ ਮਿਣ ਮਿਣ ਸਖ਼ਤੀ ਨਾਲ ਦਬਾ ਦਿੱਤੀ ਸੀ, “ਕਹਿਦੇ ਓਸ ਨੂੰ ਕਿ ਸਿਰਫ਼ ਰਜਿਸਟਰੀ ਕਰਾਉਣ ਨਾਲ ਜ਼ਮੀਨ ਓਹਦੀ ਨਹੀਂ ਹੋ ਗਈ. . . ਦੇਖੂੰ ਮੈਂ ਓਹਦਾ ਕਿਹੜਾ ਟਰੈਕਟਰ ਐਸ ਪਾਤਸ਼ਾਹ ਦੀ ਹਿੱਕ ਤੋਂ ਲੰਘ ਕੇ ਜ਼ਮੀਨ ’ਚ ਜਾਊ?”[35] ਇਹ ਸਥਿਤੀ ਕਿਸਾਨੀ ਦੀ ਜ਼ਮੀਨ ਨਾਲ ਜੁੜੀ ਹੋਈ ਮਾਨਸਿਕਤਾ ਨੂੰ ਪ੍ਰਗਟਾਉਂਦੀ ਹੈ ਕਿ ਜਦੋਂ ਵੀ ਕਿਸਾਨੀ ਸਾਹਮਣੇ ਜ਼ਮੀਨ ਨਾਲੋਂ ਟੁੱਟਣ ਦੀ ਸਥਿਤੀ ਆਉਂਦੀ ਹੈ ਤਾਂ ਉਹ ਜ਼ਮੀਨ ਨਾਲ ਜੁੜੇ ਰਹਿਣ ਲਈ ਲੜਨ-ਮਰਨ ਲਈ ਤਿਆਰ ਹੋ ਜਾਂਦੀ ਹੈ।

ਹਰੇ ਇਨਕਲਾਬ ਤੋਂ ਬਾਅਦ ਕਿਸਾਨੀ ਦੇ ਵੱਖੋ-ਵੱਖਰੇ ਵਰਗਾਂ ਵਿਚ ਆਰਥਕ ਪਾੜਾ ਵਧਿਆ ਹੈ। ਖੇਤੀ ਦੇ ਮਸ਼ੀਨੀਕਰਣ ਤੇ ਮੰਡੀ ਦੀਆਂ ਨਵੀਆਂ ਸੰਭਾਵਨਾਵਾਂ ਅਤੇ ਕਿਸਾਨੀ ਅਵਚੇਤਨ ਵਿਚਲੇ ਟਕਰਾਅ ਨੇ ਛੋਟੀ ਕਿਸਾਨੀ ਨੂੰ ਕੰਗਾਲੀਕਰਣ ਦੇ ਰਾਹ ਤੋਰਿਆ ਹੈ। ਇਹ ਵਰਤਾਰਾ ਕਿਸਾਨੀ ਲਈ ਸੰਕਟ ਦਾ ਕਾਰਣ ਬਣ ਰਿਹਾ ਹੈ। ਕਿਸਾਨੀ ਦੀ ਕਿਰਤ ਕਰਨ ਵਾਲੀ ਮਾਨਸਿਕਤਾ

ਤੇ ਮਸ਼ੀਨੀਕਰਣ ਦੇ ਮੇਲ ਨੇ ਕਿਸਾਨੀ ਦੀ ਖ਼ੁਸ਼ਹਾਲੀ ਲਈ ਰਾਹ ਪੱਧਰਾ ਕੀਤਾ ਸੀ। ਪਰੰਤੂ ਜੀਵਨ ਵਿਹਾਰ ਵਿਚ ਆਈ ਤਬਦੀਲੀ ਅਤੇ ਖੇਤੀ ਲਾਗਤ ਤੇ ਆਮਦਨ ਵਿਚਲੇ ਪਾੜੇ ਨੇ ਕਿਸਾਨੀ ਦੇ ਸੰਕਟ ਨੂੰ ਵਧਾ ਦਿੱਤਾ ਹੈ। ਬਲਜਿੰਦਰ ਨਸਰਾਲੀ ਦੀ ਕਹਾਣੀ 'ਜੇ ਆਪਣੀ ਬਿਰਥਾ ਕਹੂੰ' ਕੰਗਾਲੀਕਰਣ ਦੀ ਸਮੁੱਚੀ ਪ੍ਰਕ੍ਰਿਆ ਨੂੰ ਆਪਣੇ ਕਲੇਵਰ ਵਿਚ ਸਮੇਟਦੀ ਹੈ। ਇਹ ਕਹਾਣੀ ਤਿੰਨ ਪਾਤਰਾਂ ਨਿਰਮੈਲ, ਨਿੰਦਰ ਅਤੇ ਨੈਵੀ ਅਰਥਾਤ ਕਿਸਾਨੀ ਜੀਵਨ ਦੇ ਤਿੰਨ ਪੜਾਵਾਂ ਨੂੰ ਪੇਸ਼ ਕਰਦੀ ਹੈ। ਨਿਰਮੈਲ ਪਹਿਲੀ ਪੀੜ੍ਹੀ ਦਾ ਪ੍ਰਤਿਨਿੱਧ ਹੈ। ਇਹ ਪੀੜ੍ਹੀ ਖ਼ੁਸ਼ਹਾਲੀ ਤੋਂ ਕੰਗਾਲੀਕਰਣ ਤੱਕ ਦਾ ਸਫ਼ਰ ਕਰਦੀ ਹੈ। ਨਿੰਦਰ ਦੀ ਦੂਸਰੀ ਪੀੜ੍ਹੀ ਸੰਕਟ ਭੋਗਦੀ ਹੈ ਤੇ ਤੀਜੀ ਪੀੜ੍ਹੀ ਨੇ ਅਜੇ ਇਸ ਸੰਕਟ ਦੇ ਸਨਮੁੱਖ ਹੋਣਾ ਹੈ। ਨਿਰਮੈਲ ਸਿੰਘ ਹਰੇ ਇਨਕਲਾਬ ਦੇ ਪਹਿਲੇ ਪੜਾਅ ਨਾਲ ਸੰਬੰਧਿਤ ਹੈ। ਉਸ ਸਮੇਂ ਖੇਤੀਬਾੜੀ ਮਸ਼ੀਨੀਕਰਣ ਦੇ ਦੌਰ ਵਿਚ ਪ੍ਰਵੇਸ਼ ਕਰ ਰਹੀ ਸੀ। ਖੇਤੀ ਦੇ ਮਸ਼ੀਨੀਕਰਣ ਲਈ ਸਰਮਾਏ ਦੀ ਜ਼ਰੂਰਤ ਪੂਰਤੀ ਲਈ ਕਈ ਏਜੰਸੀਆਂ, ਬੈਕਿੰਗ ਪ੍ਰਣਾਲੀ ਜ਼ਮੀਨਾਂ ਦੇ ਇਵਜ਼ ਵਿਚ ਕਿਸਾਨੀ ਨੂੰ ਕਰਜ਼ਾ ਦੇਣਾ ਸ਼ੁਰੂ ਕਰਦੀਆਂ ਹਨ। ਇਸ ਨਾਲ ਜਿੱਥੇ ਮਸ਼ੀਨੀਕਰਣ ਵਿਚ ਵਾਧਾ ਹੁੰਦਾ ਹੈ, ਉੱਥੇ ਕਿਸਾਨੀ ਦੀ ਜ਼ਮੀਨ ਨਾਲ ਜੁੜੀ ਪਰੰਪਰਾਗਤ ਮਾਨਸਿਕਤਾ ਵਿਚ ਵੀ ਤਬਦੀਲੀ ਆਉਂਦੀ ਹੈ। ਜ਼ਮੀਨ ਕਿਸਾਨ ਦੀ ਮਾਂ ਨਹੀਂ, ਮੰਡੀ ਦੀ ਵਸਤ ਬਣ ਜਾਂਦੀ ਹੈ। ਇਹ ਵਰਤਾਰਾ ਕਿਸਾਨੀ ਦੇ ਸਮੁੱਚੇ ਸਰੋਕਾਰਾਂ ਨੂੰ ਹੀ ਤਬਦੀਲ ਕਰ ਦੇਂਦਾ ਹੈ। ਕਿਸਾਨੀ ਲਈ ਜ਼ਮੀਨ ਵੇਚਣਾ ਜਾਂ ਗਹਿਣੇ ਪਾਉਣਾ ਭਾਈਚਾਰੇ ਵਿਚ ਕੋਈ ਮਿਹਣਾ ਨਹੀਂ ਰਹਿ ਜਾਂਦਾ। ਇਹ ਵਰਤਾਰਾ ਕਿਸਾਨੀ ਦੇ ਜ਼ਮੀਨ ਵਿਹੂਣੇ ਹੋਣ ਦੇ ਅਮਲ ਨੂੰ ਤੇਜ਼ ਕਰਦਾ ਹੈ ਤੇ ਕਿਸਾਨੀ ਕੰਗਾਲੀਕਰਣ ਦੇ ਰਾਹ ਪੈ ਜਾਂਦੀ ਹੈ। ਨਿਰਮੈਲ ਦੇ ਪਿੰਡ ਦਾ ਭੋਲਾ ਦਲਿਤਾਂ ਦੇ ਮੁੰਡਿਆਂ ਨਾਲ ਸ਼ਹਿਰ ਦਿਹਾੜੀ ਕਰਨ ਜਾਂਦਾ ਹੈ। ਸਰਪੰਚ ਕਰਜ਼ੇ ਤੋਂ ਤੰਗ ਆ ਕੇ ਆਤਮ-ਹੱਤਿਆ ਕਰ ਲੈਂਦਾ ਹੈ। ਨਿਰਮੈਲ ਵੀ ਹੌਲੀ-ਹੌਲੀ ਇਸੇ ਵਰਤਾਰੇ ਦਾ ਹਿੱਸਾ ਬਣ ਰਿਹਾ ਹੈ, ''ਜਿੰਨੇ ਪੈਸੇ ਟਰੈਕਟਰ ਅਤੇ ਹੋਰ ਸੰਦ ਵੇਚ ਕੇ ਲਾਹੇ ਸਨ, ਓਨੇ ਹੀ ਦੋ ਸਾਲ ਬਾਅਦ ਮੋਟਰ ਨੇ ਫ਼ਿਰ ਚੜ੍ਹਾ ਦਿੱਤੇ ਸਨ। ਪਾਣੀ ਥੱਲੇ ਜਾਣ ਕਾਰਣ ਲੂੰਬੀ

ਦੀ ਮੋਟਰ ਜਮਾ ਈ ਜਵਾਬ ਦੇ ਗਏ। ਸਾਨੂੰ ਲੱਖ ਰੁਪਇਆ ਖਰਚ ਕੇ ਮਛਲੀ ਪੰਪ ਲਗਵਾਉਣਾ ਪੈ ਗਿਆ। ਹੁਣ ਜ਼ਮੀਨ ਵੇਚ ਕੇ ਕਰਜ਼ਾ ਉਤਾਰਣ ਦਾ ਇਕੋ ਇਕ ਰਸਤਾ ਮੇਰੇ ਕੋਲ ਬਚਿਆ ਸੀ।''[36]

ਇਹ ਸਥਿਤੀ ਛੋਟੀ ਕਿਸਾਨੀ ਲਈ ਨਵੇਂ ਪ੍ਰਬੰਧ ਵਿਚ ਪ੍ਰਵੇਸ਼ ਕਰਨ ਲਈ ਰਾਹ ਪੱਧਰਾ ਕਰਦੀ ਹੈ। ਇਹ ਰਸਤਾ ਪਰੰਪਰਾਗਤ ਫ਼ਸਲਾਂ ਦੀ ਥਾਂ ਆਪਣੀ ਮੰਡੀ ਵਿਚ ਸਬਜ਼ੀ ਵੇਚਣ ਨਾਲ ਜੁੜਿਆ ਹੋਇਆ ਹੈ। ਇਹ ਸਥਿਤੀ ਕਿਸਾਨੀ ਨੂੰ ਮਾਨਸਿਕ ਸੰਕਟ ਵੱਲ ਧੱਕ ਰਹੀ ਹੈ। ਨਿਰਮੈਲ ਇਹ ਰਸਤਾ ਅਪਨਾਉਣ ਤੋਂ ਪਹਿਲਾਂ ਆਪਣੀ ਆਰਥਕਤਾ ਨੂੰ ਸੁਧਾਰਣ ਲਈ ਹਰ ਸੰਭਵ ਯਤਨ ਕਰਦਾ ਹੈ, ਅਖੀਰ ਉਸਨੂੰ ਵੀ ਇਸ ਦਾ ਹਿੱਸਾ ਬਣਨਾ ਹੀ ਪੈਂਦਾ ਹੈ, ਪਰ ਕਿਸਾਨੀ ਮਾਨਸਿਕ ਤੌਰ 'ਤੇ ਆਪਣੀ ਇਸ ਸਥਿਤੀ ਨੂੰ ਸਵੀਕਾਰ ਕਰਨ ਲਈ ਤਿਆਰ ਨਹੀਂ,

''ਇਹ ਕੀ?''

''ਸਬਜ਼ੀ ਮੈਂ ਆਪ ਵੇਚਿਆ ਕਰੂੰ।''

''ਸ਼ਰਮ ਤਾਂ ਨੀਂ ਆਉਂਦੀ। ਮੁੰਡਾ ਮਾਸਟਰ ਲੱਗਿਆ ਹੋਇਆ, ਕੰਮੀਂ-ਕਮੀਣਾ ਆਲੇ ਕੰਮ ਕਰੂ ਹੁਣ ਇਹ। ਇਹਨੂੰ ਮੋੜ ਕੇ ਆਉ, ਜਿੱਥੋਂ ਲਿਆਏ ਓ।''[37]

ਕਿਸਾਨੀ ਸਮਾਜ ਲਈ ਇਹ ਸਥਿਤੀ ਸਵੀਕਾਰ ਕਰਨ ਯੋਗ ਨਹੀਂ ਤੇ ਸੰਕਟ ਦਾ ਕਾਰਣ ਬਣ ਰਹੀ ਹੈ। ਕਹਾਣੀ ਸੰਕਟ ਦੀ ਇਸੇ ਸਥਿਤੀ ਨੂੰ ਬਿਆਨ ਕਰਦੀ ਹੈ। ਉਸਨੂੰ ਸੁਖਦ ਅਹਿਸਾਸ ਵਿਚ ਨਹੀਂ ਢਾਲਦੀ। ਕਹਾਣੀ ਦਾ ਅੰਤ ਕਿਸਾਨੀ ਦੇ ਸੰਕਟ ਗ੍ਰਸਤ ਹਿੱਸੇ ਵੱਲੋਂ ਸੰਘਰਸ਼ ਦੇ ਨਵੇਂ ਰਸਤੇ ਵੱਲ ਇਸ਼ਾਰਾ ਕਰਦੀ ਹੈ। ਇਸ ਵਿਚ ਹੁਣ ਲੜਾਈ ਦੀਆਂ ਧਿਰਾਂ ਬਦਲ ਗਈਆਂ ਹਨ। ਕਿਸਾਨੀ ਭਾਰਤੀ ਕਿਸਾਨ ਯੂਨੀਅਨ ਦੇ ਝੰਡੇ ਥੱਲੇ ਸੰਘਰਸ਼ ਲਈ ਜਥੇਬੰਦ ਹੁੰਦੀ ਹੈ, ਪਰ ਭਾਰਤੀ ਕਿਸਾਨ ਯੂਨੀਅਨ ਦਾ ਮੱਧ-ਸ਼੍ਰੇਣਿਕ ਖਾਸਾ ਇਸ ਸੰਕਟ ਵਿਚੋਂ ਕੱਢਣ ਦਾ ਜਾਮਨ ਬਣਦਾ ਨਜ਼ਰ ਨਹੀਂ ਆਉਂਦਾ।

ਸਮਕਾਲੀ ਪ੍ਰਸਥਿਤੀਆਂ ਦੇ ਸਨਮੁੱਖ ਪੰਜਾਬੀ ਕਹਾਣੀ ਕਿਸਾਨੀ ਜੀਵਨ ਦੇ ਬਹੁ-ਮੁਖੀ ਅਤੇ ਬਹੁ-ਪਰਤੀ ਸੰਕਟਾਂ ਨੂੰ ਸੰਬੋਧਿਤ ਹੁੰਦੀ ਰਹੀ ਹੈ। ਵੀਹਵੀਂ ਸਦੀ ਦੇ ਅੰਤਲੇ ਦਹਾਕੇ ਵਿਚ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਬਦਲਦੀਆਂ ਪ੍ਰਸਥਿਤੀਆਂ ਨੇ ਹਰੇ ਇਨਕਲਾਬ ਸਮੇਂ ਸ਼ੁਰੂ ਹੋਏ ਛੋਟੀ ਕਿਸਾਨੀ ਦੇ ਸੰਕਟਾਂ ਨੂੰ ਹੋਰ ਡੂੰਘਾ ਕੀਤਾ ਹੈ। ਹਰੇ ਇਨਕਲਾਬ ਦੀ ਆਮਦ ਨਾਲ ਕਿਸਾਨੀ ਵਿਚ ਪੈਦਾ ਹੋਈ ਮੱਧ-ਸ਼੍ਰੇਣੀ ਤੇ ਉਸਦੀਆਂ ਵਧਦੀਆਂ ਅਕਾਂਖਿਆਵਾਂ ਤੇ ਪੈਦਾਵਾਰੀ ਸੋਮਿਆਂ ਵਿਚਲੇ ਅੰਤਰ ਤੇ ਨਾਕਸ ਮੰਡੀ ਪ੍ਰਬੰਧ ਨੇ ਕਿਸਾਨੀ ਨੂੰ ਕੰਗਾਲੀਕਰਣ ਦੀ ਪ੍ਰਕ੍ਰਿਆ ਵੱਲ ਧੱਕ ਦਿੱਤਾ। ਮਸ਼ੀਨੀਕਰਣ ਤੇ ਪਰਵਾਸੀ ਕਾਮਿਆਂ ਨੇ ਕਿਸਾਨੀ ਨੂੰ ਕਿਰਤ ਨਾਲੋਂ ਵਿਛੁੰਨੇ ਕਰ ਦਿੱਤਾ। ਕਿਸਾਨੀ ਦਾ ਸਮੁੱਚਾ ਜੀਵਨ ਵਿਹਾਰ ਹੀ ਬਦਲ ਗਿਆ। ਨਿਰੰਤਰ ਵਧਦੇ ਖ਼ਰਚ ਤੇ ਕਰਜ਼ੇ ਦੇ ਬੋਝ ਨੇ ਕਿਸਾਨੀ ਨੂੰ ਆਤਮ-ਹੱਤਿਆ ਵਰਗੇ ਅਮਾਨਵੀ ਕਰਮਾਂ ਵੱਲ ਧੱਕ ਦਿੱਤਾ ਹੈ। ਵਿਸ਼ਵੀਕਰਣ ਦੇ ਪ੍ਰਭਾਵ ਅਧੀਨ ਅੰਨ੍ਹੇ ਉਪਭੋਗਤਾਵਾਦ ਨੇ ਕਿਸਾਨੀ ਦੇ ਸੰਕਟ ਵਿਚ ਹੋਰ ਵਾਧਾ ਕੀਤਾ ਹੈ। ਜ਼ਮੀਨ ਦੀਆਂ ਨਿਰੰਤਰ ਵਧਦੀਆਂ ਕੀਮਤਾਂ ਨੇ ਜ਼ਮੀਨ ਨੂੰ ਵੀ ਮੰਡੀ ਦੀ ਵਸਤ ਬਣਾ ਦਿੱਤਾ ਹੈ। ਕਿਸਾਨੀ ਆਪਣੇ ਪਰੰਪਰਾਗਤ ਸੰਸਕਾਰਾਂ ਨਾਲੋਂ ਪੂਰੀ ਤਰ੍ਹਾਂ ਵਿਛੁੰਨੀ ਗਈ ਹੈ। ਇਸ ਪ੍ਰਕਾਰ, ਕਿਸਾਨੀ ਦੇ ਵਰਤਮਾਨ ਸਥਿਤੀ ਵਿਚ ਟੁੱਟ ਰਹੇ ਆਦਰਸ਼ ਇਤਿਹਾਸਕ ਚੇਤਨਾਮੁਖੀ ਪਰਿਵੇਸ਼ ਵਿਚ ਨਵੇਂ ਸਵਾਲਾਂ ਸਮੇਤ ਉਭਰਨੇ ਸ਼ੁਰੂ ਹੋਏ ਹਨ। ਇਹ ਸਾਰੇ ਪਾਸਾਰ ਸਮਕਾਲੀ ਪੰਜਾਬੀ ਕਹਾਣੀ ਵਿਚੋਂ ਸ਼ਿੱਦਤ ਨਾਲ ਉੱਭਰ ਰਹੇ ਹਨ। ਇਹ ਸਾਰੀ ਵਸਤੂ-ਸਥਿਤੀ ਬਿਰਤਾਂਤਕ ਪੈਟਰਨ ਅਤੇ ਦ੍ਰਿਸ਼ਟੀਗਤ ਪਾਸਾਰਾਂ ਸਮੇਤ ਉਭਰ ਰਹੀ ਹੈ।

✤✤✤✤✤

## ਹਵਾਲੇ ਅਤੇ ਟਿੱਪਣੀਆਂ


1. ਡਾ. ਨਾਹਰ ਸਿੰਘ, 'ਇਕ ਨਿਵੇਕਲਾ ਯਤਨ', *ਪੰਜਾਬੀ ਕਹਾਣੀ : ਕਿਸਾਨੀ ਦੇ ਹੋਂਦ ਮੂਲਕ ਸਰੋਕਾਰ,* ਡਾ. ਰਜਿੰਦਰ ਸਿੰਘ, ਪੰਨੇ 14-15.
2. ਬਲਦੇਵ ਸਿੰਘ ਧਾਲੀਵਾਲ, 'ਕਾਰਗਿਲ', *ਕਿਸਾਨੀ ਜੀਵਨ ਦੀ ਪੰਜਾਬੀ ਕਹਾਣੀ,* (ਸੰਪ. ਰਵੀ ਰਵਿੰਦਰ), ਪੰਨਾ 306.
3. *ਉਹੀ,* ਪੰਨਾ 321.
4. ਡਾ. ਰਜਿੰਦਰ ਸਿੰਘ, *ਪੰਜਾਬੀ ਕਹਾਣੀ : ਕਿਸਾਨੀ ਦੇ ਹੋਂਦ ਮੂਲਕ ਸਰੋਕਾਰ,* ਪੰਨਾ 45.
5. ਬਲਦੇਵ ਸਿੰਘ ਧਾਲੀਵਾਲ, 'ਕਾਰਗਿਲ', *ਕਿਸਾਨੀ ਜੀਵਨ ਦੀ ਪੰਜਾਬੀ ਕਹਾਣੀ,* (ਸੰਪ. ਰਵੀ ਰਵਿੰਦਰ ), ਪੰਨਾ 320.
6. *ਉਹੀ,* ਪੰਨਾ 328.
7. ਬਲਦੇਵ ਸਿੰਘ ਢੀਂਡਸਾ, 'ਚੱਕਰਵਿਊ', *ਕਿਸਾਨੀ ਜੀਵਨ ਦੀ ਪੰਜਾਬੀ ਕਹਾਣੀ,* ਉਹੀ, ਪੰਨਾ 250.
8. *ਉਹੀ,* ਪੰਨਾ 248.
9. *ਉਹੀ,* ਪੰਨਾ 267.
10. ਅਜਮੇਰ ਸਿੱਧੂ, 'ਜਹਾਜ਼ ਵਾਲੀ ਟੈਂਕੀ', *ਕਿਸਾਨੀ ਜੀਵਨ ਦੀ ਪੰਜਾਬੀ ਕਹਾਣੀ,* ਉਹੀ, ਪੰਨਾ 476.

11. ਅਜਮੇਰ ਸਿੱਧੂ, 'ਜਹਾਜ਼ ਵਾਲੀ ਟੈਂਕੀ', *ਕਿਸਾਨੀ ਜੀਵਨ ਦੀ ਪੰਜਾਬੀ ਕਹਾਣੀ,* (ਸੰਪ. ਰਵੀ ਰਵਿੰਦਰ ), ਪੰਨਾ 477.

12. *ਉਹੀ।*

13. ਬਲਬੀਰ ਪਰਵਾਨਾ, 'ਬੇਰੀ ਵਾਲਾ ਖੇਤ', *ਕਿਸਾਨੀ ਜੀਵਨ ਦੀ ਪੰਜਾਬੀ ਕਹਾਣੀ,* ਉਹੀ, ਪੰਨਾ 272.

14. *ਉਹੀ,* ਪੰਨਾ 274.

15. ਭੋਲਾ ਸਿੰਘ ਸੰਘੇੜਾ, 'ਸੰਭਾਲ ਲੈ ਮੈਨੂੰ', *ਉਹੀ,* ਪੰਨਾ 302.

16. ਜਤਿੰਦਰ ਹਾਂਸ, 'ਛਿੱਟ ਕੁ ਕਹਾਣੀ', *ਉਹੀ,* ਪੰਨਾ 380.

17. ਕੇਸਰਾ ਰਾਮ, 'ਬੁਲਬੁਲਿਆਂ ਦੀ ਕਾਸ਼ਤ', *ਉਹੀ,* ਪੰਨਾ 329.

18. *ਉਹੀ,* ਪੰਨਾ 330.

19. *ਉਹੀ,* ਪੰਨਾ 355.

20. *ਉਹੀ,* ਪੰਨਾ 374.

21. ਦਰਸ਼ਨ ਜੋਗਾ, 'ਟੰਡਲੀ ਅਜੇ ਖੜੀ ਹੈ', *ਉਹੀ,* ਪੰਨਾ 283.

22. ਰਜਨੀਸ਼ ਬਹਾਦਰ ਸਿੰਘ, *ਪੰਜਾਬੀ ਸਾਹਿਤ ਚਿੰਤਨ : ਆਧਾਰ ਅਤੇ ਉਸਾਰ,* ਪੰਨਾ 110.

23. ਬਲਵਿੰਦਰ ਗਰੇਵਾਲ, 'ਇਕ ਘਰ ਆਜ਼ਾਦ ਹਿੰਦੀਆਂ ਦਾ', *ਮਲ੍ਹਮ ਤੇ ਹੋਰ ਕਹਾਣੀਆਂ,* (ਸੰਪ. ਰਜਨੀਸ਼ ਬਹਾਦਰ ਸਿੰਘ), ਪੰਨਾ 74.

24. ਬਲਬੀਰ ਪਰਵਾਨਾ, 'ਪਿਤਾ', *ਕਿਸਾਨੀ ਜੀਵਨ ਦੀ ਪੰਜਾਬੀ ਕਹਾਣੀ,* (ਸੰਪ. ਰਵੀ

ਰਵਿੰਦਰ), ਪੰਨਾ 201.

25. ਸਾਂਵਲ ਧਾਮੀ, 'ਤੂੰ ਨਿਹਾਲਾ ਨਾ ਬਣੀ', *ਕਿਸਾਨੀ ਜੀਵਨ ਦੀ ਪੰਜਾਬੀ ਕਹਾਣੀ,* (ਸੰਪ. ਰਵੀ ਰਵਿੰਦਰ), ਪੰਨਾ 404.

26. ਰਣਜੀਤ ਸਿੰਘ ਘੁੰਮਣ, 'ਹਰਾ ਇਨਕਲਾਬ ਅਤੇ ਆਰਥਕ-ਸਮਾਜਕ ਤਬਦੀਲੀ', *ਪੰਜਾਬ ਦੀ ਆਰਥਕਤਾ,* (ਸੰਪ. ਨਿਰਮਲ ਆਜ਼ਾਦ), ਪੰਨਾ 235.

27. ਸਾਂਵਲ ਧਾਮੀ, 'ਤੂੰ ਨਿਹਾਲਾ ਨਾ ਬਣੀ', *ਕਿਸਾਨੀ ਜੀਵਨ ਦੀ ਪੰਜਾਬੀ ਕਹਾਣੀ,* (ਸੰਪ. ਰਵੀ ਰਵਿੰਦਰ), ਪੰਨਾ 412.

28. *ਉਹੀ,* ਪੰਨਾ 421.

29. ਰਜਨੀਸ਼ ਬਹਾਦਰ ਸਿੰਘ, *ਸਮਕਾਲੀ ਪੰਜਾਬੀ ਕਹਾਣੀ : ਪਾਠਗਤ ਅਧਿਐਨ,* ਪੰਨਾ 151.

30. ਜਸਵਿੰਦਰ ਸਿੰਘ, *ਖੂਹ ਖਾਤੇ,* ਪੰਨਾ 15.

31. *ਉਹੀ,* ਪੰਨਾ 16.

32. *ਉਹੀ,* ਪੰਨਾ 18.

33. ਸੁਖਜੀਤ, *ਮੈਂ ਰੇਪ ਨੂੰ ਇੰਜੁਆਏ ਕਰਦੀ ਹਾਂ,* ਪੰਨਾ 95.

34. *ਉਹੀ,* ਪੰਨਾ 107.

35. *ਉਹੀ,* ਪੰਨਾ 110.

36. ਬਲਜਿੰਦਰ ਨਸਰਾਲੀ, 'ਜੇ ਆਪਣੀ ਬਿਰਥਾ ਕਹੂੰ', *ਕਿਸਾਨੀ ਜੀਵਨ ਦੀ ਪੰਜਾਬੀ ਕਹਾਣੀ,*

(ਸੰਪ. ਰਵੀ ਰਵਿੰਦਰ), ਪੰਨਾ 426.

37. ਬਲਜਿੰਦਰ ਨਸਰਾਲੀ, 'ਜੇ ਆਪਣੀ ਬਿਰਥਾ ਕਹੂੰ', *ਕਿਸਾਨੀ ਜੀਵਨ ਦੀ ਪੰਜਾਬੀ ਕਹਾਣੀ,*

(ਸੰਪ. ਰਵੀ ਰਵਿੰਦਰ), ਪੰਨਾ 448.

✤✤✤✤✤